# Sunday Samaj Weekly

Vol :17 : # 660: 07/06/2026 - 13/06/2026 www.samajweekly.com samajweekly @samajweekly

Punjabi, Hindi & English Newspaper- Uk&Eu Edition


# CJP Protest: ਸਿੱਖਿਆ ਮੰਤਰੀ ਨੂੰ ਹਟਾਉਣ ਲਈ ਸੱਤ ਦਿਨਾਂ ਦਾ ਅਲਟੀਮੇਟਮ

## ਕੌਕਰੋਚ ਜਨਤਾ ਪਾਰਟੀ ਵੱਲੋਂ ਦੇਸ਼ਵਿਆਪੀ ਅੰਦੋਲਨ ਦੀ ਧਮਕੀ



**ਨਵੀਂ ਦਿਲੀ।** ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਸੱਤ ਦਿਨਾਂ ਅੰਦਰ ਅਹੁਦੇ ਤੋਂ ਹਟਾਉਣ ਦਾ ਅਲਟੀਮੇਟਮ ਦਿੱਤਾ ਹੈ। ਪਾਰਟੀ ਨੇ ਚਿਤਾਵਨੀ ਦਿੱਤੀ ਕਿ ਜੇ ਪ੍ਰਧਾਨ ਨੂੰ ਹਟਾਇਆ ਨਾ ਗਿਆ ਜਾਂ ਉਨ੍ਹਾਂ ਖ਼ੁਦ ਅਹੁਦੇ ਤੋਂ ਅਸਤੀਫ਼ਾ ਨਾ ਦਿੱਤਾ, ਤਾਂ ਪਾਰਟੀ ਦੇਸ਼ਿਵਆਪੀ ਅੰਦੋਲਨ ਵਿੱਢੇਗੀ। ਪਾਰਟੀ ਦੇ ਬੁਲਾਰੇ ਆਸ਼ੂਤੋਸ਼ ਰੰਕਾ ਅਤੇ ਸੌਰਵ ਦਾਸ ਨੇ ਕਿਹਾ ਕਿ ਜੰਤਰ ਮੰਤਰ ’ਤੇ ਅੱਜ ਕੀਤਾ ਗਿਆ ਮੁਜ਼ਾਹਰਾ ਸਿੱਖਿਆ ਤੇ ਸ਼ਾਸਨ ਨਾਲ ਸਬੰਧਤ ਮੁੱਦਿਆਂ ’ਤੇ ਕੇਂਦਰਿਤ ਵਿਸ਼ਾਲ ਯੁਵਾ ਲਹਿਰ ਦਾ ਆਗਾਜ਼ ਹੈ। 6 ਜੂਨ, 2026 ਦੀ ਤਰੀਕ ਨੂੰ ਇਤਿਹਾਸ ’ਚ ਲਿਖਿਆ ਜਾਵੇਗਾ ਕਿਉਂਕਿ ਅੱਜ ਇਸ ਦੇਸ਼ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ। ਅਰਥਪੂਰਨ ਸੁਧਾਰਾਂ ਲਈ ਸਿੱਖਿਆ ਮੰਤਰੀ ਦਾ ਅਸਤੀਫ਼ਾ ਜ਼ਰੂਰੀ ਹੈ।

ਬੁਲਾਰਿਆਂ ਨੇ ਸਾਫ਼ ਕੀਤਾ ਕਿ ਇਸ ਲਾਮਬੰਦੀ ਦਾ ਕਿਸੇ ਸਿਆਸੀ ਜਥੇਬੰਦੀ ਨਾਲ ਕੋਈ ਸਬੰਧ ਨਹੀਂ, ਉਨ੍ਹਾਂ ਖ਼ੁਦ ਨੂੰ ‘ਨੌਜਵਾਨ ਪੱਖੀ, ਸਿੱਖਿਆ ਪੱਖੀ, ਸੰਵਿਧਾਨ ਪੱਖੀ ਤੇ ਭਾਰਤ ਪੱਖੀ’ ਦੱਸਿਆ। ਰੰਕਾ ਨੇ ਕਿਹਾ, ‘‘ਅਸੀਂ ਸਰਕਾਰ ਨੂੰ ਸੱਤ ਦਿਨਾਂ ਦਾ ਸਮਾਂ ਦਿੱਤਾ ਹੈ। ਧਰਮੇਂਦਰ ਪ੍ਰਧਾਨ ਜਾਂ ਤਾਂ ਸਨਮਾਨ ਸਹਿਤ ਅਸਤੀਫ਼ਾ ਦੇ ਦੇਣ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਨੂੰ ਹਟਾਉਣ। ਜੇ ਸੱਤ ਦਿਨਾਂ ਅੰਦਰ ਉਨ੍ਹਾਂ ਦਾ ਅਸਤੀਫ਼ਾ ਨਾ ਆਇਆ ਤਾਂ ਦੇਸ਼ਿਵਆਪੀ ਅੰਦੋਲਨ ਵਿੱਢਿਆ ਜਾਵੇਗਾ।’’ ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੂੰ ਵੱਖ ਵੱਖ ਰਾਜਾਂ ਦੇ ਸਮਰਥਕਾਂ ਤੋਂ ਸ਼ਾਂਤੀਪੂਰਨ ਪ੍ਰਦਰਸ਼ਨਾਂ ਦੀ ਤਿਆਰੀ ਵਾਲੇ ਸੁਨੇਹੇ ਮਿਲ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸੀ ਜੇ ਪੀ ਆਪਣੀ ਅਗਲੀ ਕਾਰਵਾਈ ਦੇ ਐਲਾਨ ਤੋਂ ਪਹਿਲਾਂ ਇੱਕ ਹਫ਼ਤੇ ਦੀ ਉਡੀਕ ਕਰੇਗੀ। ਰੰਕਾ ਨੇ ਜੰਤਰ ਮੰਤਰ ਵਿੱਚ ਅੱਜ ਦੇ ਇਕੱਠ ਨੂੰ ਅਹਿਮ ਪਲ ਦੱਸਦਿਆਂ ਕਿਹਾ ਕਿ ਇਸ ਵਿਰੋਧ ਪ੍ਰਦਰਸ਼ਨ ਨੇ ਸਾਫ਼ ਕਰ ਦਿੱਤਾ ਹੈ ਕਿ ਨੌਜਵਾਨ ਆਪਣੇ ਨਾਲ ਜੁੜੇ ਮੁੱਦਿਆਂ ਉੱਤੇ ਇਕਜੁੱਟ ਹੋਣ ਲਈ ਤਿਆਰ ਹਨ।


# ਸਮਾਜ ਵੀਕਲੀ

# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਨਾਂ ’ਤੇ ਲਾਹੌਰ ਦੇ ਕਾਲਜ ’ਚ ਕਲਾਸਰੂਮ ਦਾ ਨਾਮਕਰਨ

## ਸਮਾਗਮ ਬੁਧਵਾਰ ਨੂੰ ਐਚੀਸਨ ਕਾਲਜ ਵਿਖੇ ਹੋਵੇਗਾ, ਦੋਹਾਂ ਦੇਸ਼ਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਹੋਣਗੀਆਂ ਸ਼ਾਮਲ

**ਚੰਡੀਗੜ੍ਹ** : ਲਾਹੌਰ ਦੇ ਵੱਕਾਰੀ ਐਚੀਸਨ ਕਾਲਜ ਵਲੋਂ ਚੜ੍ਹਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੀ ਯਾਦ ਵਿਚ ਇਕ ਕਲਾਸਰੂਮ ਦਾ ਨਾਮ ਉਨ੍ਹਾਂ ਦੇ ਨਾਮ ’ਤੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸ਼ਾਨਦਾਰ ਪਹਿਲਕਦਮੀ ਉਨ੍ਹਾਂ ਦੇ ਪਰਮ ਮਿੱਤਰ ਅਤੇ ਪਾਕਿ-ਸਤਾਨ ਦੇ ਉੱਘੇ ਉਦਯੋਗਪਤੀ ਸਈਦ ਬਾਬਰ ਅਲੀ ਦੇ 100ਵੇਂ ਜਨਮਦਿਨ ਦੇ ਜਸ਼ਨਾਂ ਦੌਰਾਨ ਕੀਤੀ ਜਾ ਰਹੀ ਹੈ। ਹਰਚਰਨ ਸਿੰਘ ਬਰਾੜ ਦੇ ਪੋਤੇ ਤੇਗਬੀਰ ਸਿੰਘ ਬਰਾੜ ਨੇ ਇਸ ਦੀ ਪੁਸ਼ਟੀ ਕਰਦਿਆਂ ਦਸਿਆ, ‘‘ਬਰਾੜ ਅੰਕਲ ਉਨ੍ਹਾਂ ਦੇ ਦਾਦਾ ਜੀ ਦੀ ਯਾਦ ਵਿਚ ਇਹ ਕਲਾਸਰੂਮ



ਸਮਰਪਿਤ ਕਰ ਰਹੇ ਹਨ।’’ ਉਨ੍ਹਾਂ ਕਿਹਾ, ‘‘ਮੇਰੇ ਦਾਦਾ ਜੀ ਅਤੇ ਬਰਾੜ ਅੰਕਲ ਬਿਲਕੁਲ ਭਰਾਵਾਂ ਵਰਗੇ ਸਨ।’’ ਇਸ ਸਾਂਝ ਨੂੰ ਚੇਤੇ ਕਰਦਿਆਂ ਸਈਦ ਬਾਬਰ ਅਲੀ ਨੇ ਇਕ ਇੰਟਰਵਿਊ ਵਿਚ ਭਾਵੁਕ ਹੁੰਦਿਆਂ ਕਿਹਾ, ‘‘ਹਰਚਰਨ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ... ਉਹ ਗੁਰਦੁਆਰੇ ਜਾਂਦਾ ਸੀ ਤੇ ਮੈਂ ਮਸਜਿਦ, ਪਰ ਸਾਡੇ ਵਿਚਕਾਰ ਇਹ ਵਖਰੇਵੇਂ ਕਦੇ ਵੀ ਸਾਡੀ ਦੋਸਤੀ ਦੇ ਰਾਹ ਵਿਚ ਨਹੀਂ ਆਏ।’’ ਇਹ ਇਤਿਹਾਸਕ ਸਮਾਗਮ ਬੁਧਵਾਰ ਸ਼ਾਮ 5 ਵਜੇ ਐਚੀਸਨ ਕਾਲਜ ਵਿਖੇ ਹੋਵੇਗਾ, ਜਿਸ ਵਿਚ ਦੋਹਾਂ ਦੇਸ਼ਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਹੋਣਗੀਆਂ।

# ਆਸਟਰੇਲੀਆ ਤੋਂ ਆਏ ਸੁਨੀਲ ਸ਼ਰਮਾ ਦਾ ਭਰਾ ਹੀ ਨਿਕਲਿਆ ਕਾਤਲ

## ਅੰਮ੍ਰਿਤਸਰ ਪੁਲਿਸ ਨੇ ਮੁਲਜ਼ਮ ਸੰਨੀ ਨੂੰ ਕੀਤਾ ਗ੍ਰਿਫ਼ਤਾਰ

**ਅੰਮ੍ਰਿਤਸਰ :** ਆਸਟਰੇਲੀਆ ਤੋਂ ਆਏ ਹਿਸਾਬ ਦੇ ਅਧਿਆਪਕ ਦੀ ਗੁੰਮਸ਼ੁਦਗੀ ਦਾ ਮਾਮਲਾ ਅੰਮ੍ਰਿਤਸਰ ਪੁਲਿਸ ਨੇ ਹੱਲ ਕਰ ਲਿਆ ਹੈ ਅਤੇ ਐਨ.ਆਰ.ਆਈ. ਸੁਨੀਲ ਸ਼ਰਮਾ ਦਾ ਕਾਤਲ ਉਸ ਦਾ ਸਕਾ ਭਰਾ ਹੀ ਨਿਕਲਿਆ। ਪੁਲਿਸ ਨੇ ਮੁਲਜ਼ਮ ਸੰਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਸੁਨੀਲ ਸ਼ਰਮਾ ਲੰਘੀ 22 ਮਈ ਤੋਂ ਲਾਪਤਾ ਚੱਲ ਰਿਹਾ ਸੀ ਅਤੇ ਬੱਚਿਆਂ ਵੱਲੋਂ ਆਪਣੇ ਚਾਚੇ ’ਤੇ ਸ਼ੱਕ ਪ੍ਰਗਟਾਇਆ ਸੀ। ਜ਼ਿਕਰਯੋਗ ਹੈ ਕਿ ਸੁਨੀਲ ਸ਼ਰਮਾ ਆਪਣੀ ਜਾਇਦਾਦ ਵੇਚਣ ਲਈ ਆਇਆ ਸੀ ਉਸ ਨੂੰ ਆਖਰੀ ਵਾਰ ਆਪਣੀ ਜਾਇਦਾਦ ਵਿਖੇ



ਆਪਣੇ ਭਰਾ ਨਾਲ ਦੇਖਿਆ ਗਿਆ ਸੀ ਅਤੇ ਉਸ ਤੋਂ ਬਾਅਦ ਸੁਨੀਲ ਕੁਮਾਰ ਲਾਪਤਾ ਚੱਲ ਰਿਹਾ ਸੀ।

# ਜ਼ੀਰਕਪੁਰ ਦੇ ਛੱਤ ਲਾਈਟ ਪੁਆਇੰਟ 'ਤੇ ਹਾਦਸਾ, ਟਰੱਕ ਅਤੇ ਕੰਟੇਨਰ ਵਿਚਾਲੇ ਪਿਸ ਗਈ ਕਾਰ

## ਹਾਦਸੇ ਵਿੱਚ ਦੋ ਲੋਕ ਗੰਭੀਰ ਜ਼ਖ਼ਮੀ

**ਜ਼ੀਰਕਪੁਰ:** ਜ਼ੀਰਕਪੁਰ ਦੇ ਰੁਝੇਵਿਆਂ ਵਾਲੇ ਅਤੇ ਹਾਦਸਿਆਂ ਲਈ ਬਦਨਾਮ ਹੋ ਚੁੱਕੇ ਛੱਤ ਲਾਈਟ ਪੁਆਇੰਟ 'ਤੇ ਦੇਰ ਰਾਤ ਇੱਕ ਹੋਰ ਭਿਆਨਕ ਸੜਕ ਹਾਦਸਾ ਵਾਪਰ ਗਿਆ। ਲਗਾਤਾਰ ਦੂਜੇ ਦਿਨ ਹੋਏ ਇਸ ਗੰਭੀਰ ਹਾਦਸੇ ਨੇ ਇੱਕ ਵਾਰ ਫਿਰ ਇਸ ਚੌਕ ਦੀ ਸੁਰੱਖਿਆ ਵਿਵਸਥਾ ਅਤੇ ਟ੍ਰੈਫਿਕ ਪ੍ਰਬੰਧਨ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਹਾਦਸੇ ਵਿੱਚ ਇੱਕ ਕਾਰ ਟਰੱਕ ਅਤੇ ਕੰਟੇਨਰ ਦੇ ਵਿਚਕਾਰ ਬੁਰੀ ਤਰ੍ਹਾਂ ਫਸ ਗਈ, ਜਿਸ ਕਾਰਨ ਕਾਰ ਦੇ ਪਰਖੱਚੇ ਉੱਡ ਗਏ ਅਤੇ ਉਸ ਵਿੱਚ ਸਵਾਰ ਦੋ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਦੇਰ ਰਾਤ ਛੱਤ ਲਾਈਟ ਪੁਆਇੰਟ 'ਤੇ ਇੱਕ ਟਰੱਕ ਅਤੇ ਕੰਟੇਨਰ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਦੋਵਾਂ ਭਾਰੀ ਵਾਹਨਾਂ ਦੇ ਵਿਚਕਾਰ ਇੱਕ ਕਾਰ ਆ ਗਈ ਅਤੇ ਪਲ ਭਰ ਵਿੱਚ ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਰਾਹਤ ਕਾਰਜ ਸ਼ੁਰੂ ਕਰਦੇ



ਹੋਏ ਕਾਰ 'ਚ ਫਸੇ ਦੋਵਾਂ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਇਲਾਜ ਲਈ ਹਸਪਤਾਲ ਪਹੁੰਚਾਇਆ। ਹਾਦਸੇ ਵਿੱਚ ਜ਼ਖ਼ਮੀ ਹੋਏ ਦੋਵਾਂ ਵਿਅਕਤੀਆਂ ਨੂੰ ਗੰਭੀਰ ਹਾਲਤ ਵਿੱਚ ਚੰਡੀਗੜ੍ਹ ਦੇ ਸੈਕਟਰ-32 ਸਥਿਤ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ। ਡਾਕਟਰਾਂ ਮੁਤਾਬਕ ਦੋਵਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਇੱਕ ਦਿਨ ਪਹਿਲਾਂ ਵੀ ਇਸੇ ਛੱਤ ਲਾਈਟ ਪੁਆਇੰਟ 'ਤੇ ਦੋ ਟਰਾਲਿਆਂ ਵਿਚਕਾਰ ਭਿਆਨਕ ਟੱਕਰ ਹੋਈ ਸੀ, ਜਿਸ ਨਾਲ ਇਲਾਕੇ 'ਚ ਅਫਰਾ-ਤਫਰੀ ਮਚ ਗਈ ਸੀ। ਲਗਾਤਾਰ ਹੋ ਰਹੇ ਹਾਦਸਿਆਂ ਕਾਰਨ ਸਥਾਨਕ ਲੋਕਾਂ ਅਤੇ ਰਾਹਗੀਰਾਂ ਵਿੱਚ ਡਰ ਦਾ ਮਾਹੌਲ ਹੈ। ਟ੍ਰੈਫਿਕ ਮਾਹਿਰਾਂ ਅਤੇ ਸਥਾਨਕ ਨਿਵਾਸੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਹਾਦਸਿਆਂ ਦੇ ਪਿੱਛੇ ਓਵਰਸਪੀਡ (ਤੇਜ਼ ਰਫ਼ਤਾਰ), ਭਾਰੀ ਵਾਹਨਾਂ ਦੀ ਲਾਪਰਵਾਹੀ ਅਤੇ ਦੇਰ ਰਾਤ ਵਾਹਨ ਚਲਾਉਂਦੇ ਸਮੇਂ ਵਰਤੀ ਜਾਣ ਵਾਲੀ ਬੇਧਿਆਨੀ ਮੁੱਖ ਕਾਰਨ ਹਨ। ਰਾਤ 12 ਵਜੇ ਤੋਂ ਸਵੇਰੇ 4 ਵਜੇ ਤੱਕ ਇਸ ਪੁਆਇੰਟ 'ਤੇ ਆਮ ਟ੍ਰੈਫਿਕ ਸਿਗਨਲਾਂ ਦੀ ਬਜਾਏ ਸਿਰਫ ਬਲਿੰਕਰ ਲਾਈਟਾਂ ਚੱਲਦੀਆਂ ਹਨ, ਜੋ ਵਾਹਨ ਚਾਲਕਾਂ ਨੂੰ ਸਤਰਕ ਰਹਿਣ ਦਾ ਸੰਕੇਤ ਦਿੰਦੀਆਂ ਹਨ। ਹਾਲਾਂਕਿ, ਕਈ ਤੇਜ਼ ਰਫ਼ਤਾਰ ਚਾਲਕ ਇਨ੍ਹਾਂ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਿਸ ਨਾਲ ਹਾਦਸਿਆਂ ਦਾ ਖ਼ਤਰਾ ਵਧ ਜਾਂਦਾ ਹੈ। ਘਟਨਾ ਤੋਂ ਬਾਅਦ ਪ੍ਰਸ਼ਾਸਨ ਅਤੇ ਪੁਲਿਸ ਨੇ ਵਾਹਨ ਚਾਲਕਾਂ ਨੂੰ ਵਿਸ਼ੇਸ਼ ਤੌਰ 'ਤੇ ਰਾਤ ਦੇ ਸਮੇਂ ਸਾਵਧਾਨੀ ਵਰਤਣ, ਨਿਰਧਾਰਤ ਗਤੀ ਸੀਮਾ ਦਾ ਪਾਲਣ ਕਰਨ ਅਤੇ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਲੋਹਾ ਤੇ ਸਟੀਲ ਸੈਕਟਰ 'ਚ ਟੈਕਸ ਚੋਰੀ ਕਰਨ ਵਾਲਿਆਂ ਨੂੰ ਲਗਾਇਆ 3.5 ਕਰੋੜ ਰੁਪਏ ਜੁਰਮਾਨਾ: ਹਰਪਾਲ ਸਿੰਘ ਚੀਮਾ



**ਚੰਡੀਗੜ੍ਹ।** ਪੰਜਾਬ ਵਿਚ ਟੈਕਸ ਚੋਰੀ ਕਰਨ ਵਾਲਿਆ ਉੱਤੇ ਸਖ਼ਤੀ ਕੀਤੀ ਜਾਰਹੀ ਹੈ। ਟੈਕਸ ਚੋਰੀ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਵਾਇਤੀ ਸਰਕਾਰਾਂ ਦੇ ਸਮੇਂ ਦੀ ਚੱਲਦੀ ਟੈਕਸ ਚੋਰੀ ਦੀ ਖ਼ਤਮ ਕਰਨ ਲਈ ਭਗਵੰਤ ਮਾਨ ਸਰਕਾਰ ਵਲੋਂ ਨਿਯੁਕਤ ਕੀਤੀਆਂ ਟੀਮਾਂ ਨੇ ਲੋਹਾ ਨਗਰੀ ਮੰਡੀ ਗੋਬਿੰਦਗੜ ਅਤੇ ਖੰਨਾ ਇਲਾਕੇ ਵਿਚ 200 ਤੋਂ ਵੱਧ ਗੱਡੀਆਂ ਵਿਚ 7 ਕਰੋੜ ਦੇ ਮੁੱਲ ਦਾ ਫਰਜੀ ਬਿਲਾਂ ਤੇ ਖਰੀਦਿਆ ਅਤੇ ਵੇਚਿਆ ਮਾਲ ਜ਼ਬਤ ਕੀਤਾ ਹੈ। ਇਸ ਕਾਰਵਾਈ ਅਧੀਨ 3.50 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਵਿੱਤ ਮੰਤਰੀ ਚੀਮਾ ਨੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਟੈਕਸ ਚੋਰੀ ਦਾ ਗੈਰ ਕਾਨੂੰਨੀ ਕੰਮ ਨਾ ਕਰਨ ਅਤੇ ਬਣਦਾ ਟੈਕਸ ਅਦਾ ਕਰਕੇ ਪੰਜਾਬ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੁਧਿਆਣਾ ਰੇਲਵੇ ਸਟੇਸ਼ਨ 'ਤੇ ਵੱਡਾ ਹਾਦਸਾ, ਦੋ ਬੋਗੀਆਂ ਨੂੰ ਜੋੜਨ ਵਾਲਾ ਕਪਲਰ ਟੁੱਟਿਆ

## ਧਮਾਕੇ ਵਰਗੀ ਆਵਾਜ਼ ਨਾਲ ਟੁੱਟਿਆ ਟਾਇਲਟ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

**ਲੁਧਿਆਣਾ।** ਲੁਧਿਆਣਾ ਰੇਲਵੇ ਸਟੇਸ਼ਨ 'ਤੇ ਕਟੜਾ ਸਪੈਸ਼ਲ ਟ੍ਰੇਨ ਨਾਲ ਹਾਦਸਾ ਵਾਪਰ ਗਿਆ। ਜਿਵੇਂ ਹੀ ਟ੍ਰੇਨ ਚੱਲਣ ਲੱਗੀ, ਦੋ ਡੱਬਿਆਂ ਨੂੰ ਜੋੜਨ ਵਾਲਾ ਕਪਲਰ ਟੁੱਟ ਗਿਆ। ਸਲੀਪਰ ਕੋਚ ਵਿੱਚ ਟਾਇਲਟ ਇੱਕ ਧਮਾਕੇ ਵਰਗੀ ਆਵਾਜ਼ ਤੋਂ ਬਾਅਦ ਟੁੱਟ ਗਿਆ। ਦੋਵੇਂ ਡੱਬੇ ਵੀ ਵੱਖ-ਵੱਖ ਹੋ ਗਏ। ਧਮਾਕੇ ਦੀ ਆਵਾਜ਼ ਨਾਲ ਯਾਤਰੀਆਂ ਵਿੱਚ ਦਹਿਸ਼ਤ ਫੈਲ ਗਈ। ਇਹ ਹਾਦਸਾ ਵਾਪਰਨ ਵੇਲੇ ਰੇਲਗੱਡੀ ਲੁਧਿਆਣਾ ਤੋਂ ਰਵਾਨਾ ਹੋਣ ਵਾਲੀ ਸੀ। ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਸਪੈਸ਼ਲ (04081) ਅੱਜ ਸਵੇਰੇ ਨਵੀਂ ਦਿੱਲੀ ਤੋਂ ਵੈਸ਼ਨੋ ਦੇਵੀ ਜਾ ਰਹੀ ਸੀ। ਹਾਦਸੇ ਦੀ ਸੂਚਨਾ ਮਿਲਦੇ ਹੀ ਰੇਲਵੇ ਸੁਰੱਖਿਆ ਬਲ ਅਤੇ ਸਥਾਨਕ ਪੁਲਿਸ ਸਟੇਸ਼ਨ 'ਤੇ ਪਹੁੰਚ ਗਈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜੰਮੂ-ਕਟੜਾ ਵੱਲ ਜਾ ਰਹੀ ਟ੍ਰੇਨ ਦੇ ਐਸ-2 ਕੋਚ ਦੇ ਵਾਸ਼ਰੂਮ ਭਾਗ ਵਿੱਚ ਅਚਾਨਕ ਦਰਾੜ ਆ ਗਈ ਸੀ। ਜਾਂਚ ਦੌਰਾਨ



ਰੇਲਵੇ ਤਕਨੀਕੀ ਸਟਾਫ ਅਤੇ ਇੰਜੀਨੀਅਰਾਂ ਨੇ ਕਿਹਾ ਕਿ ਇਹ ਵੈਲਡਿੰਗ ਅਸਫਲਤਾ ਦਾ ਮਾਮਲਾ ਜਾਪਦਾ ਹੈ।ਏਡੀਸੀਪੀ ਨੇ ਕਿਹਾ, "ਰੇਲਵੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਕੋਈ ਧਮਾਕਾ ਨਹੀਂ ਸੀ। ਇਸ ਘਟਨਾ ਵਿੱਚ ਕੋਈ ਯਾਤਰੀ ਜ਼ਖ਼ਮੀ ਨਹੀਂ ਹੋਇਆ ਅਤੇ ਸਾਰੇ ਸੁਰੱਖਿਅਤ ਹਨ। ਪੁਲਿਸ ਨੇ ਜਨਤਾ ਨੂੰ ਅਫਵਾਹਾਂ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ ਹੈ।"

# ਜਲੰਧਰ ਚ ਚਿੱਟੇ ਲਈ 16 ਦਿਨ ਦੇ ਬੱਚੇ ਨੂੰ 5 ਲੱਖ ਵਿੱਚ ਵੇਚਿਆ

### ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਨੋਟਾਂ ਦੇ ਬੰਡਲਾਂ ਦੀ ਪਾਈ ਸਟੋਰੀ

**ਜਲੰਧਰ:** ਜਲੰਧਰ ਵਿੱਚ, ਇੱਕ ਵਿਅਕਤੀ ਨੇ ਆਪਣੀ ਤਲਾਕਸ਼ੁਦਾ ਪਤਨੀ ਦੇ 16 ਦਿਨਾਂ ਦੇ ਬੱਚੇ ਨੂੰ ਅੰਮ੍ਰਿਤਸਰ ਦੀ ਇੱਕ ਔਰਤ ਨੂੰ 5 ਲੱਖ ਰੁਪਏ ਵਿੱਚ ਵੇਚ ਦਿੱਤਾ। ਜਦੋਂ ਬੱਚਾ ਸ਼ਾਂਤ ਨਹੀਂ ਹੋਇਆ, ਤਾਂ ਉਸੇ ਔਰਤ ਨੇ ਉਸਨੂੰ ਫ਼ੋਨ ਕੀਤਾ ਅਤੇ ਉਸਨੂੰ ਪੈਸੇ ਵਾਪਸ ਕਰਨ ਅਤੇ ਉਸਨੂੰ ਲੈ ਜਾਣ ਲਈ ਕਿਹਾ। ਬੱਚੇ ਨੂੰ ਵੇਚਣ ਵਾਲੇ ਸਾਬਕਾ ਪਤੀ ਨੇ ਆਪਣੇ ਇੰਸਟਾਗ੍ਰਾਮ 'ਤੇ ਕਰੰਸੀ ਨੋਟਾਂ ਦੇ ਬੰਡਲ ਦਿਖਾਉਂਦੇ ਹੋਏ ਇੱਕ ਕਹਾਣੀ ਵੀ ਪੋਸਟ ਕੀਤੀ। ਜਿਵੇਂ ਹੀ ਬੱਚੇ ਦੀ ਮਾਂ ਨੇ ਕਹਾਣੀ ਦੇਖੀ, ਉਸਨੇ ਤੁਰੰਤ ਇਸਨੂੰ ਡਿਲੀਟ ਕਰ ਦਿੱਤਾ। ਦੋਸ਼ੀ ਸਾਬਕਾ ਪਤੀ ਨੇ ਫਿਰ ਵਿਕਰੀ ਤੋਂ ਪ੍ਰਾਪਤ ਪੈਸੇ ਨੂੰ ਲ਼ਓਧ, ਕੂਲਰ ਅਤੇ ਹੋਰ ਚੀਜ਼ਾਂ ਖਰੀਦਣ ਲਈ ਵਰਤਿਆ। ਜਦੋਂ ਉਸਨੇ ਉਸਨੂੰ ਬੱਚੇ ਬਾਰੇ ਪੁੱਛਿਆ, ਤਾਂ ਉਸਨੇ ਝੂਠ ਬੋਲਿਆ, ਕਿਹਾ ਕਿ ਬੱਚਾ ਮਰ ਗਿਆ ਹੈ। "ਅਸੀਂ ਉਸਨੂੰ ਦਫ਼ਨਾ



ਦਿੱਤਾ," ਉਸਨੇ ਕਿਹਾ। ਇਸ ਤੋਂ ਇਲਾਵਾ, ਉਸਨੇ ਉਸਨੂੰ ਇਹ ਕਹਿ ਕੇ ਧਮਕੀ ਦਿੱਤੀ ਕਿ ਉਸਨੇ ਇੱਕ ਨਵਾਂ ਪਿਸਤੌਲ ਖਰੀਦਿਆ ਹੈ ਅਤੇ ਜੇਕਰ ਉਸਨੇ ਸ਼ਿਕਾਇਤ ਕੀਤੀ ਤਾਂ ਉਸਨੂੰ ਧਮਕੀ ਦਿੱਤੀ। ਮਾਂ ਨੇ ਕਿਹਾ ਕਿ ਉਸਦੀ ਸੱਸ ਨੇ ਵੀ ਅਜੇ ਤੱਕ ਬੱਚੇ ਨੂੰ ਨਹੀਂ ਦੇਖਿਆ। ਜਦੋਂ ਉਸਨੂੰ ਬੱਚਾ ਨਹੀਂ ਮਿਲਿਆ, ਤਾਂ ਉਸਨੂੰ ਜਲੰਧਰ ਪੁਲਿਸ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਵਾਉਣ ਲਈ ਮਜਬੂਰ ਕੀਤਾ ਗਿਆ। ਕਮਿਸ਼ਨਰ ਨੇ ਰਾਮਾ ਮੰਡੀ ਦੇ ਸਟੇਸ਼ਨ ਹਾਊਸ ਅਫਸਰ ਨੂੰ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ।



# ਮਾਂ ਖੇਡ ਕਬੱਡੀ ਦਾ ਅਨਮੋਲ ਹੀਰਾ: ਕਬੱਡੀ ਪ੍ਰਮੋਟਰ ਗੋਪਾ ਬੈਂਸ ਨਿਊਜ਼ੀਲੈਂਡ

**ਨਿਊਜ਼ੀਲੈਂਡ (ਹਰਜਿੰਦਰ ਪਾਲ ਛਾਬੜਾ)** ਜਦੋਂ ਵੀ ਸੱਤ ਸਮੁੰਦਰੋਂ ਪਾਰ ਨਿਊਜ਼ੀਲੈਂਡ ਦੀ ਧਰਤੀ 'ਤੇ ਮਾਂ ਖੇਡ ਕਬੱਡੀ ਦੇ ਪ੍ਰਚਾਰ, ਪ੍ਰਸਾਰ ਅਤੇ ਖਿਡਾਰੀਆਂ ਦੇ ਹੱਕ ਵਿੱਚ ਖੜ੍ਹਨ ਵਾਲੀਆਂ ਮਹਾਨ ਸ਼ਖਸੀਅਤਾਂ ਦਾ ਜ਼ਿਕਰ ਆਉਂਦਾ ਹੈ, ਤਾਂ ਗੋਪਾ ਬੈਂਸ ਦਾ ਨਾਮ ਸਭ ਤੋਂ ਮੂਹਰਲੀ ਸਫ਼ ਵਿੱਚ ਚਮਕਦਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਸਿੱਧ ਪਿੰਡ ਮਾਣਕਢੇਰੀ ਦੀ ਮਿੱਟੀ ਦੀ ਮਹਿਕ ਨੂੰ ਸੀਨੇ ਨਾਲ ਲਾ ਕੇ, ਨਿਊਜ਼ੀਲੈਂਡ ਦੇ ਸ਼ਹਿਰ ਟੀਪੁਕੀ ਨੂੰ ਆਪਣੀ ਕਰਮ-ਭੂਮੀ ਬਣਾਉਣ ਵਾਲੇ ਗੋਪਾ ਬੈਂਸ ਸਿਰਫ਼ ਇੱਕ ਖੇਡ ਪ੍ਰਮੋਟਰ ਨਹੀਂ, ਬਲਕਿ ਖੇਡ ਜਗਤ ਦੇ ਉਹ ਸੱਚੇ ਰਹਿਬਰ ਹਨ ਜਿਨ੍ਹਾਂ ਨੂੰ ਦੁਨੀਆ ਭਰ ਵਿੱਚ "ਕੀਵੀ ਕਿੰਗ" ਦੇ ਵੱਕਾਰੀ ਨਾਮ ਨਾਲ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮਾਂ-ਖੇਡ ਕਬੱਡੀ ਨੂੰ ਅਰਸ਼ਾਂ 'ਤੇ ਪਹੁੰਚਾਉਣ ਅਤੇ ਪੰਜਾਬੀਅਤ ਦਾ ਪਰਚਮ ਬੁਲੰਦ ਰੱਖਣ ਲਈ ਆਪਣਾ ਜੀਵਨ ਲੇਖੇ ਲਾ ਦਿੱਤਾ। ਆਓ, "ਕੀਵੀ ਕਿੰਗ" ਗੋਪਾ ਬੈਂਸ ਮਾਣਕਢੇਰੀ ਜੀ ਦੀ ਖੇਡ ਅਤੇ ਸਮਾਜ ਪ੍ਰਤੀ ਵੱਡੀ ਸੇਵਾ ਨੂੰ ਸਮਰਪਿਤ ਇਸ ਵਿਸ਼ੇਸ਼ ਲੇਖ 'ਤੇ ਇੱਕ ਝਾਤ ਮਾਰੀਏ:



1. ਲੋੜਵੰਦਾਂ ਦੇ ਮਸੀਹਾ ਅਤੇ ਸੱਚੇ ਹਮਦਰਦ

ਗੋਪਾ ਬੈਂਸ ਉਹ ਇਨਸਾਨ ਹਨ ਜਿਨ੍ਹਾਂ ਦਾ ਦਿਲ ਮਨੁੱਖਤਾ ਦੇ ਦਰਦ ਨਾਲ ਧੜਕਦਾ ਹੈ। ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਸਿਰਫ਼ ਖੇਡ ਦੇ ਮੈਦਾਨ ਤੱਕ ਸੀਮਤ ਨਹੀਂ ਰੱਖਿਆ:

ਹਮੇਸ਼ਾ ਬਾਂਹ ਫੜਨ ਵਾਲੇ: ਜਦੋਂ ਵੀ ਕਿਸੇ ਲੋੜਵੰਦ ਨੇ ਮਦਦ ਲਈ ਆਵਾਜ਼ ਮਾਰੀ—ਚਾਹੇ ਉਹ ਆਰਥਿਕ ਪੱਖੋਂ ਕਮਜ਼ੋਰ ਕੋਈ ਪਰਿਵਾਰ ਹੋਵੇ ਜਾਂ ਮੁਸੀਬਤ ਵਿੱਚ ਫਸਿਆ ਕੋਈ ਪਰਦੇਸੀ ਨੌਜਵਾਨ—ਗੋਪਾ ਬੈਂਸ ਹਮੇਸ਼ਾ ਸਭ ਤੋਂ ਅੱਗੇ ਖੜ੍ਹੇ ਦਿਖਾਈ ਦਿੱਤੇ।

ਦਰਿਆਦਿਲੀ ਦੇ ਚਰਚੇ: ਉਨ੍ਹਾਂ ਦੀ ਇਸੇ ਨਿਰਸਵਾਰਥ ਸੇਵਾ ਅਤੇ ਵੱਡੇ ਦਿਲ ਸਦਕਾ ਅੱਜ ਹਰ ਪੰਜਾਬੀ ਦੀ ਜ਼ੁਬਾਨ 'ਤੇ ਉਨ੍ਹਾਂ ਲਈ ਸਤਿਕਾਰ ਹੈ।

2. ਪੰਜਾਬੀ ਹੁਨਰ ਲਈ ਵਿਦੇਸ਼ੀ ਧਰਤੀ ਦੇ ਰਾਹ ਖੋਲ੍ਹਣ ਵਾਲੇ "ਕੀਵੀ ਕਿੰਗ"

ਪੰਜਾਬ ਦੇ ਪਿੰਡਾਂ-ਕਸਬਿਆਂ ਵਿੱਚ ਖੇਡਣ ਵਾਲੇ ਅਨੇਕਾਂ ਅਣਗੌਲੇ ਕਬੱਡੀ ਖਿਡਾਰੀਆਂ ਅਤੇ ਆਪਣੀ ਆਵਾਜ਼ ਦਾ ਜਾਦੂ ਬਿਖੇਰਨ ਵਾਲੇ ਬੁਲਾਰਿਆਂ ਕੁਮੈਂਟੇਟਰਾਂ ਨੂੰ ਅੰਤਰਰਾਸ਼ਟਰੀ ਮੰਚ 'ਤੇ ਚਮਕਾਉਣ ਦਾ ਸਿਹਰਾ "ਕੀਵੀ ਕਿੰਗ" ਦੇ ਸਿਰ ਬੱਝਦਾ ਹੈ।

ਲਾਮਿਸਾਲ ਸਪਾਂਸਰਸ਼ਿਪ: ਉਨ੍ਹਾਂ ਨੇ ਆਪਣੀ ਜੇਬ ਵਿੱਚੋਂ ਲੱਖਾਂ ਰੁਪਏ ਖਰਚ ਕੇ ਪੰਜਾਬ ਦੇ ਗੱਭਰੂਆਂ ਅਤੇ ਬੁਲਾਰਿਆਂ ਨੂੰ ਨਿਊਜ਼ੀਲੈਂਡ ਦੇ ਵੱਡੇ ਖੇਡ ਮੇਲਿਆਂ ਦਾ ਸ਼ਿੰਗਾਰ ਬਣਾਇਆ।

ਸੁਪਰਸਟਾਰ ਬਣਾਉਣ ਦਾ ਸਫ਼ਰ: ਕਈ ਅਜਿਹੇ ਹੁਨਰਮੰਦ ਨੌਜਵਾਨ, ਜਿਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸੀ, ਉਨ੍ਹਾਂ ਦੀ ਉਂਗਲ ਫੜ ਕੇ ਨਿਊਜ਼ੀਲੈਂਡ ਦੇ ਮੈਦਾਨਾਂ ਵਿੱਚ ਉਤਾਰਿਆ ਅਤੇ ਉਨ੍ਹਾਂ ਨੂੰ ਖੇਡ ਜਗਤ ਦੇ ਸੁਪਰਸਟਾਰ ਬਣਾ ਦਿੱਤਾ। ਟੀਪੁਕੀ ਸ਼ਹਿਰ ਵਿੱਚ ਬੈਠ ਕੇ ਉਹ ਹਮੇਸ਼ਾ ਪੰਜਾਬ ਦੇ ਖਿਡਾਰੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਤਤਪਰ ਰਹਿੰਦੇ ਹਨ।

3. ਨਿਊਜ਼ੀਲੈਂਡ ਦੀ ਕਬੱਡੀ ਵਿੱਚ ਵੱਖਰੀ ਸਰਦਾਰੀ

ਨਿਊਜ਼ੀਲੈਂਡ ਵਿੱਚ ਕਬੱਡੀ ਦੇ ਇਤਿਹਾਸ ਨੂੰ ਜੇਕਰ ਕਦੇ ਸੁਨਹਿਰੀ ਅੱਖਰਾਂ ਵਿੱਚ ਉਕਰਿਆ ਜਾਵੇਗਾ, ਤਾਂ ਉਸ ਵਿੱਚ ਪਿੰਡ ਮਾਣਕਢੇਰੀ ਦੇ ਇਸ ਸਪੂਤ ਦਾ ਯੋਗਦਾਨ ਸਭ ਤੋਂ ਉੱਪਰ ਹੋਵੇਗਾ:

ਖੇਡਾਂ ਦਾ ਮਜ਼ਬੂਤ ਗੜ੍ਹ: ਉਨ੍ਹਾਂ ਨੇ ਨਿਊਜ਼ੀਲੈਂਡ ਵਿੱਚ ਕਬੱਡੀ ਕਲੱਬਾਂ ਨੂੰ ਆਰਥਿਕ ਅਤੇ ਜਥੇਬੰਦਕ ਤੌਰ 'ਤੇ ਬਹੁਤ ਮਜ਼ਬੂਤ ਕੀਤਾ।

ਭਾਈਚਾਰਕ ਸਾਂਝ ਦੇ ਪ੍ਰਤੀਕ: ਪ੍ਰਵਾਸੀ ਪੰਜਾਬੀ ਭਾਈਚਾਰੇ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਅਤੇ ਖੇਡਾਂ ਨਾਲ ਜੋੜੀ ਰੱਖਣ ਵਿੱਚ ਉਨ੍ਹਾਂ ਨੇ ਮੋਹਰੀ ਭੂਮਿਕਾ ਨਿਭਾਈ।

ਵਿਸ਼ਵ ਪੱਧਰੀ ਪ੍ਰਸਿੱਧੀ: ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਅੱਜ ਨਿਊਜ਼ੀਲੈਂਡ ਦੇ ਕਬੱਡੀ ਕੱਪਾਂ ਦੀ ਗੂੰਜ ਪੂਰੀ ਦੁਨੀਆ ਵਿੱਚ ਪੈਂਦੀ ਹੈ ਅਤੇ ਕਬੱਡੀ ਜਗਤ ਵਿੱਚ ਉਨ੍ਹਾਂ ਦੇ ਨਾਮ ਦੀ ਇੱਕ ਵੱਖਰੀ ਹੀ ਸਰਦਾਰੀ ਰੁਤਬਾ ਹੈ।

ਸਿੱਟਾ: ਆਪਣੇ ਪਿੰਡ ਮਾਣਕਢੇਰੀ ਹੁਸ਼ਿਆਰਪੁਰ ਦਾ ਨਾਮ ਪੂਰੀ ਦੁਨੀਆ ਵਿੱਚ ਰੁਸ਼ਨਾਉਣ ਵਾਲੇ ਅਤੇ ਟੀਪੁਕੀ ਨਿਊਜ਼ੀਲੈਂਡ ਦੀ ਧਰਤੀ ਤੋਂ ਕਬੱਡੀ ਨੂੰ ਪ੍ਰਮੋਟ ਕਰਨ ਵਾਲੇ "ਕੀਵੀ ਕਿੰਗ" ਗੋਪਾ ਬੈਂਸ ਸਹੀ ਮਾਇਨਿਆਂ ਵਿੱਚ ਪੰਜਾਬੀਅਤ ਦੇ ਸੱਚੇ ਅੰਬੈਸਡਰ ਹਨ। ਅਸੀਂ ਦੁਆ ਕਰਦੇ ਹਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀ ਕਲਾ, ਚੰਗੀ ਸਿਹਤ ਅਤੇ ਲੰਮੀ ਉਮਰ ਬਖਸ਼ੇ, ਤਾਂ ਜੋ ਉਹ ਇਸੇ ਤਰ੍ਹਾਂ ਮਾਂ ਖੇਡ ਕਬੱਡੀ ਅਤੇ ਲੋੜਵੰਦਾਂ ਦੀ ਸੇਵਾ ਕਰਦੇ ਰਹਿਣ।

# ਬਾਬਾ ਮੀਰਾ ਸ਼ਾਹ ਹੁਸੈਨ ਜੀ ਦਾ ਸਲਾਨਾ ਮੇਲਾ 18 ਨੂੰ

## ਮੇਲੇ ਦੌਰਾਨ ਪ੍ਰਸਿੱਧ ਗਾਇਕ ਕਮਲ ਖਾਨ,ਹੈਪੀ ਲਾਪਰਾਂ, ਦੀਪੀ ਦਿਲਪ੍ਰੀਤ ਕਰਨਗੇ ਲੋਕਾਂ ਦਾ ਮਨੋਰੰਜਨ

## ਸਵਰਗੀ ਮੁਖਤਿਆਰ ਸਿੰਘ ਮੁੱਤੀ ਦੀ ਮਿੱਠੀ ਯਾਦ ਵਿੱਚ ਲੱਗੇਗਾ ਮੁਫਤ ਮੈਡੀਕਲ ਕੈਂਪ - ਮੇਜਰ ਸਿੰਘ ਯੂ ਕੇ

**ਕਪੂਰਥਲਾ, 6 ਜੂਨ ( ਵਿਸੇਸ ਪ੍ਰਤੀਨਿਧ )** - ਧੰਨ ਧੰਨ ਬਾਬਾ ਮੀਰਾ ਸ਼ਾਹ ਹੁਸੈਨ ਜੀ ਦਾ ਸਲਾਨਾ ਮੇਲਾ ਪ੍ਰਵਾਸੀ ਭਾਰਤੀਆਂ ਇਲਾਕੇ ਦੀ ਸੰਗਤ,ਮਾਤਾ ਕਰਤਾਰ ਕੌਰ ਦੇ ਪਰਿਵਾਰ ਤੇ ਗੋਲਡਨ ਵਿਰਸਾ ਯੂ ਕੇ ਦੇ ਸਾਂਝੇ ਸਹਿਯੋਗ ਨਾਲ ਪਿੰਡ ਕਰਾ ਰਾਮ ਸਿੰਘ ਵਿਖੇ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਭਾਰਤੀ ਤੇ ਸਭਿਆਚਾਰਰ ਤੇ ਖੇਡ ਪ੍ਰਮੋਟਰ ਮੇਜਰ ਸਿੰਘ ਯੂ ਕੇ ਨੇ ਪ੍ਰਧਾਨ ਅਵਤਾਰ ਸਿੰਘ, ਸੰਤੋਖ ਸਿੰਘ, ਨਵਤੇਜ ਸਿੰਘ, ਸੁਖਵਿੰਦਰ ਸਿੰਘ,ਬਲਵਿੰਦਰ ਸਿੰਘ, ਕਰਨੈਲ ਸਿੰਘ ਹਰਜੀਤ ਸਿੰਘ, ਵਿਕਾਸ ਕੁਮਾਰ, ਜਸਵੰਤ ਸਿੰਘ,ਨਵਾਬ ਸਿੰਘ, ਸੰਦੀਪ ਸਿੰਘ, ਅਜੀਤ ਚੌਧਰੀ, ਗੁਰਪ੍ਰੀਤ ਸਿੰਘ ਆਦਿ ਪ੍ਰਬੰਧਕਾਂ ਦੀ ਹਾਜ਼ਰੀ ਵਿੱਚ ਦੱਸਿਆ ਕਿ ਇਹ ਮੇਲਾ 18 ਜੂਨ ਦਿਨ ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ ਇਸ ਸਵੇਰੇ 10 ਵਜੇ ਚਾਦਰ ਚੜਾਉਣ ਦੀ ਪਵਿੱਤਰ ਰਸਮ ਅਦਾ ਕੀਤੀ ਜਾਵੇਗੀ। ਇਸ ਉਪਰੰਤ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਜਿਸ ਵਿੱਚ ਪ੍ਰਸਿੱਧ ਗਾਇਕ ਕਮਲ ਖਾਨ ਜਿੱਥੇ ਆਪਣੀ ਕਲਾ ਦਾ ਜਾਦੂ ਬਿਖੇਰਨਗੇ। ਉੱਥੇ ਹੀ ਪ੍ਰਸਿੱਧ ਲੋਕ ਗਾਇਕ ਹੈਪੀ ਲਾਪਰਾਂ ਤੇ ਦੀਪੀ



ਦਿਲਪ੍ਰੀਤ ਦੀ ਦੋ ਗਾਣਾ ਜੋੜੀ ਆਪਣੇ ਚਰਚਿਤ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕਰਨਗੇ। ਇਸ ਮੇਲੇ ਦੌਰਾਨ ਮੁੱਖ ਮਹਿਮਾਨ ਦੇ ਤੌਰ ਤੇ ਸਾਂਸਦ ਚਰਨਜੀਤ ਸਿੰਘ ਚੰਨੀ, ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ ਸ਼ਾਹਕੋਟ ਤੇ ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ ਇਸ ਤੋਂ ਇਲਾਵਾ ਇਸ ਮੇਲੇ ਦੌਰਾਨ ਸਵਰਗੀ ਮੁਖਤਿਆਰ ਸਿੰਘ ਮੁੱਤੀ ਦੀ ਮਿੱਠੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਪਿਮਸ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਸਵੇਰੇ 9:30 ਤੋਂ ਸਾਢੇ ਚਾਰ ਵਜੇ ਤੱਕ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਜਾ ਰਿਹਾ ਹੈ। ਸਿਰਫ ਮੇਲੇ ਨੂੰ ਸਫਲ ਬਣਾਉਣ ਬਣਾਉਣ ਲਈ ਪ੍ਰਵਾਸੀ ਭਾਰਤੀ ਰਾਜਵੀਰ ਸਮਰਾ ਯੂ ਕੇ, ਗੈਰੀ ਤਿਮੋਵਾਲ ਯੂ ਕੇ, ਗੁਰਜੰਟ ਸੰਧੂ ਤੇ ਸੋਨਾ ਗਿੱਲ ਵਿਸ਼ੇਸ਼ ਸਹਿਯੋਗ ਦੇ ਰਹੇ ਹਨ।

# ਪੁਲਸੀਆ ਗੁੰਡਾਗਰਦੀ ਖਿਲਾਫ ਮੁੱਲਾਂਪੁਰ ਵਿੱਚ ਗਰਜੇ ਅਧਿਆਪਕ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਆਪਣੇ ਪੁਲਿਸ ਪ੍ਰਸ਼ਾਸਨ ਰਾਹੀਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਮੰਗਦੇ ਵਿਦਿਆਰਥੀਆਂ ਅਧਿਆਪਕਾਂ ,ਮੁਲਾਜ਼ਮਾਂ ਉਪਰ ਅੰਨੇ ਵਾਹ ਤਸ਼ੱਦਦ ,ਪਾਣੀ ਦੀਆਂ ਬੁਛਾੜਾਂ ਤੇ ਡਾਂਗਾ ਵਰ੍ਹਾਉਣੀਆਂ ਨਿੱਤ ਦਾ ਕੰਮ ਹੋ ਗਿਆ।ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਪਟਿਆਲਾ ਵਿਖੇ ਬੇਰੁਜ਼ਗਾਰ ਲਾਇਨਮੈਨਾਂ ਨੂੰ ਪੁਲਿਸ ਵੱਲੋਂ ਛੱਲੀਆਂ ਵਾਂਗ ਕੁੱਟਿਆ ਗਿਆ। ਪੀੜਤ ਨੌਜਵਾਨਾਂ ਦਾ ਕਸੂਰ ਕੇਵਲ ਸਰਕਾਰ ਤੋਂ ਰੁਜ਼ਗਾਰ ਦੀ ਮੰਗ ਸੀ। ਬੇਰੁਜ਼ਗਾਰ ਲਾਈਨਮੈਨਾਂ ਤੇ ਹੋਏ ਇਸ ਅੰਨੇ ਪੁਲਸੀਆ ਤਸ਼ੱਦਦ ਦੇ ਵਿਰੋਧ ਵਿੱਚ ਮੰਡੀ ਮੁੱਲਾਂਪੁਰ ਵਿਖੇ ਡੈਮੋਕਰੇਟਿਕ ਟੀਚਰ ਫਰੰਟ, ਐਸਸੀ ਬੀਸੀ ਅਧਿਆਪਕ ਯੂਨੀਅਨ ਤੇ ਵੈਟਰਨਰੀ



ਇੰਸਪੈਕਟਰ ਯੂਨੀਅਨ ਤੋਂ ਇਲਾਵਾ ਵੱਖ-ਵੱਖ ਭਰਾਤਰੀ ਜਥੇਬੰਦੀਆ ਨੇ ਸਰਕਾਰ ਵਿਰੁੱਧ ਆਪਣੀ ਭੜਾਸ ਕੱਢੀ ਤੇ ਸਰਕਾਰ ਦੇ ਬੇਰੁਜ਼ਗਾਰਾਂ ਪ੍ਰਤੀ ਇਸ ਜ਼ਾਲਮਾਨਾ ਰਵਈਏ ਦੀ ਸਖਤ ਨਿੰਦਾ ਕੀਤੀ ਤੇ ਤਾੜਨਾ ਕੀਤੀ ਕਿ ਜੇਕਰ ਸਰਕਾਰ ਦਾ ਰਵਈਆ ਅਜਿਹਾ ਹੀ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਕੀਤੇ ਜਾਣਗੇ। ਅਧਿਆਪਕਾਂ ਦੇ ਵਿਸ਼ਾਲ ਇਕੱਠ ਨੇ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।

ਇਸ ਮੌਕੇ ਤੇ ਮਾਸਟਰ ਬਲਬੀਰ ਸਿੰਘ ਬਾਸੀਆਂ, ਡਾਕਟਰ ਗੁਰਦੀਪ ਸਿੰਘ ਬਾਸੀਆਂ, ਮਾਸਟਰ ਬਲਦੇਵ ਸਿੰਘ ਮੁੱਲਾਂਪੁਰ ਮਾਸਟਰ ਹਰਦੇਵ ਸਿੰਘ ਮੁੱਲਾਂਪੁਰ ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ, ਲੈਕਚਰਾਰ ਪ੍ਰਗਟ ਸਿੰਘ, ਲੈਕਚਰਾਰ ਰਵਿੰਦਰ ਸਿੰਘ ਜਾਂਗਪੁਰ, ਲੈਕਚਰਾਰ ਹਰਜੀਤ ਸਿੰਘ ਸੁਧਾਰ, ਲੈਕਚਰਾਰ ਬੂਟਾ ਸਿੰਘ ,ਮਾਸਟਰ ਮੇਜਰ ਸਿੰਘ ਹਿੱਸੋਵਾਲ, ਮਾਸਟਰ ਸੁਖਦੀਪ ਸਿੰਘ, ਮਾਸਟਰ ਗੁਰਮੀਤ ਸਿੰਘ ਧਨੋਆ ਤੋਂ ਇਲਾਵਾ ਹੋਰ ਅਧਿਆਪਕ ਤੇ ਮੁਲਾਜ਼ਮ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਿਰਪਾਨ ਮਸਲੇ ਸਬੰਧੀ ਲੈਸਟਰ ਵਿਖੇ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ

**ਲੈਸਟਰ (ਇੰਗਲੈਂਡ), 6 ਜੂਨ (ਸੁਖਜਿੰਦਰ ਸਿੰਘ ਢੱਡੇ)–** ਕਿਰਪਾਨ ਨਾਲ ਸਬੰਧਤ ਮੌਜੂਦਾ ਮਸਲੇ ਅਤੇ ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖ਼ਬਰਾਂ ਦੇ ਮੱਦੇਨਜ਼ਰ ਲੈਸਟਰ ਦੇ ਈਸਟ ਪਾਰਕ ਰੋਡ ਸਥਿਤ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਵਿਖੇ ਨੌਜਵਾਨਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ੇਸ਼ ਸਾਂਝੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਲੈਸਟਰ ਅਤੇ ਆਸ ਪਾਸ ਦੇ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

ਮੀਟਿੰਗ ਦੌਰਾਨ ਸਿੱਖੀ ਦੇ ਅਨਿੱਖੜਵੇਂ ਅੰਗ ਕਿਰਪਾਨ ਦੀ ਮਹੱਤਤਾ, ਸਤਿਕਾਰ ਅਤੇ ਇਸ ਦੀ ਸੁਰੱਖਿਆ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਕਿਰਪਾਨ ਸਿੱਖ ਧਰਮ ਦਾ ਅਹਿਮ ਹਿੱਸਾ ਹੈ ਅਤੇ ਇਸ ਸਬੰਧੀ ਸੰਗਤ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ।

ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਗੁਰਦੁਆਰਾ ਸਾਹਿਬ, ਗੁਰੂ ਦਸ਼ਮੇਸ਼ ਗੁਰਦੁਆਰਾ ਸਾਹਿਬ (ਜਿਪਸੀ ਲੇਨ) ਦੇ ਪ੍ਰਬੰਧਕਾਂ ਸਮੇਤ ਸਿੱਖ ਫੈਡਰੇਸ਼ਨ





**ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਈਸਟ ਪਾਰਕ ਰੋਡ ਵਿਖੇ ਕਿਰਪਾਨ ਮਸਲੇ ਸਬੰਧੀ ਹੋਈ ਸਾਂਝੀ ਮੀਟਿੰਗ ਦੌਰਾਨ ਹਾਜ਼ਰ ਸੰਗਤਾਂ, ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸਥਾਨਕ ਐਮ.ਪੀਜ਼।**

ਯੂ.ਕੇ., ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ। ਉਨ੍ਹਾਂ ਕਿਰਪਾਨ ਮਸਲੇ ਸਬੰਧੀ ਹਰ ਤਰ੍ਹਾਂ ਦਾ ਪ੍ਰਬੰਧਕੀ ਅਤੇ ਕਾਨੂੰਨੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਮੀਟਿੰਗ ਵਿੱਚ ਲੈਸਟਰ ਦੇ ਸਥਾਨਕ ਸੰਸਦ ਮੈਂਬਰਾਂ (ਐਮ.ਪੀਜ਼.) ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਦੇ ਸਾਹਮਣੇ ਸਿੱਖ ਕੌਮ ਦੇ ਨੁਮਾਇੰਦਿਆਂ ਨੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਿਆ ਅਤੇ ਕਿਰਪਾਨ ਨਾਲ ਜੁੜੇ ਧਾਰਮਿਕ ਹੱਕਾਂ ਦੀ ਰੱਖਿਆ ਦੀ ਮੰਗ ਕੀਤੀ।

ਅੰਤ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀ ਸੰਗਤ, ਸਿੱਖ ਜਥੇਬੰਦੀਆਂ ਅਤੇ ਸਿਆਸੀ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਗਿਆ। ਬੁਲਾਰਿਆਂ ਨੇ ਆਸ ਪ੍ਰਗਟਾਈ ਕਿ ਲੈਸਟਰ ਦੀ ਸੰਗਤ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਇੱਕਜੁੱਟ ਹੋ ਕੇ ਕੌਮੀ ਅਤੇ ਧਾਰਮਿਕ ਮਸਲਿਆਂ ਲਈ ਅਵਾਜ਼ ਬੁਲੰਦ ਕਰਦੀ ਰਹੇਗੀ।

# ਮੋਰਿੰਡਾ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੈਮੀਨਾਰ ਕਰਵਾਇਆ

## ਵਿਧਾਇਕ ਡਾ. ਚਰਨਜੀਤ ਸਿੰਘ ਨੇ ਲੋਕਾਂ ਤੋਂ ਮੰਗਿਆ ਸਹਿਯੋਗ

**ਮੋਰਿੰਡਾ, 6 ਜੂਨ (ਸੁਖਵਿੰਦਰ ਸਿੰਘ ਹੈਪੀ)** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਸਥਾਨਕ ਇੱਕ ਹੋਟਲ ਵਿਖੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਸਰਕਾਰ ਵੱਲੋਂ ਚਲਾਈ ਇਸ ਮੁਹਿੰਮ 'ਤੇ ਪੂਰੀ ਤਸੱਲੀ ਪ੍ਰਗਟ ਕਰਦਿਆਂ ਆਖਿਆ ਕਿ ਪ੍ਰਸ਼ਾਸਨ ਦੀ ਸਖ਼ਤੀ ਕਾਰਨ ਨਸ਼ਾ ਤਸਕਰਾਂ ਦਾ ਲੱਕ ਟੁੱਟ ਚੁੱਕਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦਾ ਕਾਲਾ ਧੰਦਾ ਕਰਨ ਵਾਲਿਆਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ, ਜਦਕਿ ਨਸ਼ੇ ਦੀ ਦਲਦਲ ਵਿੱਚ ਫਸੇ ਪੀੜਤਾਂ ਨੂੰ ਬਿਮਾਰ ਮੰਨ ਕੇ ਸਰਕਾਰੀ



ਹਸਪਤਾਲਾਂ ਵਿੱਚ ਮੁਫ਼ਤ ਇਲਾਜ ਤੇ ਮੁੜ-ਵਸੇਬੇ ਲਈ ਭਰਤੀ ਕਰਵਾਇਆ ਜਾ ਰਿਹਾ ਹੈ। ਇਸ ਮੁਹਿੰਮ ਨੂੰ ਪੰਜਾਬ ਦੀਆਂ ਗ੍ਰਾਮ ਪੰਚਾਇਤਾਂ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਨੌਜਵਾਨੀ ਨੂੰ ਨਸ਼ਿਆਂ ਤੋਂ ਮੋੜ ਕੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਪਿੰਡਾਂ ਵਿੱਚ ਜਿੰਮ ਖੋਲ੍ਹੇ ਜਾ ਰਹੇ ਹਨ ਅਤੇ ਖੇਡਾਂ ਦਾ ਸਾਮਾਨ ਵੰਡਿਆ ਜਾ ਰਿਹਾ ਹੈ। ਵਿਧਾਇਕ ਨੇ ਇਲਾਕੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ ਲੋਕਾਂ ਦੇ ਪੂਰਨ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਐਸ.ਡੀ.ਐਮ. ਮੋਰਿੰਡਾ ਸ੍ਰੀ ਚੇਤਨ ਬੰਗੜ, ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਅਤੇ ਐਸ.ਐਚ.ਓ. ਗਗਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਜਗਦੇਵ ਸਿੰਘ ਭਟੋਆ, ਕੌਂਸਲਰ ਹਰਜਿੰਦਰ ਸਿੰਘ ਛਿੱਬਰ, ਕੌਂਸਲਰ ਮਹਿੰਦਰ ਸਿੰਘ ਢਿੱਲੋਂ, ਕੌਂਸਲਰ ਜਗਪਾਲ ਸਿੰਘ ਜੌਲੀ, ਰਾਹੁਲ ਸ਼ਰਮਾ, ਠੇਕੇਦਾਰ ਜਸਵੀਰ ਸਿੰਘ ਸਖੋਮਾਜਰਾ, ਜਗਤਾਰ ਸਿੰਘ ਸਹੇੜੀ, ਜਸਪ੍ਰੀਤ ਸਿੰਘ ਕਲਸੀ ਸਮੇਤ ਵੱਖ-ਵੱਖ ਪਿੰਡਾਂ ਦੇ ਪੰਚ, ਸਰਪੰਚ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸਵਰਨ ਸਿੰਘ ਭੰਗੂ ਦੇ ਵਿਛੋੜੇ 'ਤੇ ਸਾਹਿਤਕ ਤੇ ਰੰਗਮੰਚ ਜਗਤ ਵਿੱਚ ਸ਼ੋਕ ਦੀ ਲਹਿਰ

## ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਮੋਰਿੰਡਾ 6 ਜੂਨ (ਸੁਖਵਿੰਦਰ ਸਿੰਘ ਹੈਪੀ)–** ਸੱਜਰੀ ਸਵੇਰ ਕਲਾ ਕੇਂਦਰ ਰਜਿ. ਮੋਰਿੰਡਾ ਦੀ ਅਹਿਮ ਇਕੱਤਰਤਾ ਰਾਬਿੰਦਰ ਸਿੰਘ ਰੱਬੀ ਦੀ ਪ੍ਰਧਾਨਗੀ ਹੇਠ ਹੋਈ, ਇਸ ਵਿੱਚ ਸਿੱਖਿਆ ਸ਼ਾਸਤਰੀ ਸ ਸਵਰਨ ਸਿੰਘ ਭੰਗੂ ਦੇ ਵਿਛੋੜੇ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਸ੍ਰੀ ਰੱਬੀ ਨੇ ਕਿਹਾ ਕਿ ਭੰਗੂ ਸਾਹਿਬ ਦਾ ਰੰਗਮੰਚ ਨਾਲ ਬੜਾ ਗੂੜ੍ਹਾ ਨਾਤਾ ਸੀ। ਨੌਜਵਾਨ ਸਾਹਿਤ ਸਭਾ ਰਜਿ ਮੋਰਿੰਡਾ ਨੇ ਵੀ ਭੰਗੂ ਸਾਹਿਬ ਦੇ ਵਿਛੋੜੇ ਉਤੇ ਡੂੰਘਾ ਦੁੱਖ ਪ੍ਰਗਟਾਇਆ ਹੈ। ਇਪਟਾ ਪੰਜਾਬ ਨੇ ਵੀ ਇਸ ਮੌਕੇ ਦੁੱਖ ਪ੍ਰਗਟਾਉਂਦੇ ਹੋਏ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ । ਸ੍ਰੀ ਭੰਗੂ ਦੇ ਵਿਛੋੜੇ ਕਾਰਨ ਰਾਣਾ ਅਜ਼ਾਦ, ਕੰਵਲਜੀਤ ਕੌਰ ਮੋਰਿੰਡਾ. ਜੈ ਸਿੰਘ ਛਿੱਬਰ, ਜਤਿੰਦਰ ਸਿੰਘ ਰਾਮਗੜ੍ਹੀਆ, ਸੁਰਿੰਦਰ



ਸਿੰਘ ਰਸੂਲਪੁਰ, ਅਰਵਿੰਦਰ ਸਿੰਘ ਕੌਡੂ, ਪ੍ਰਿੰ. ਬਾਵਾ ਸਿੰਘ ਲੱਧੜ, ਸਰਬਜੀਤ ਸਿੰਘ ਦੁੱਮਣਾ, ਧਰਮਿੰਦਰ ਸਿੰਘ ਭੰਗੂ, ਜਸਬੀਰ ਸਿੰਘ ਸ਼ਾਂਤਪੁਰੀ, ਭਗਤ ਸਿੰਘ, ਮੈਡਮ ਅਮਰਜੀਤ ਕੌਰ, ਮਨਦੀਪ ਰਿੰਪੀ, ਲਾਭ ਸਿੰਘ ਚਤਾਮਲੀ, ਸੰਜੀਵਨ ਸਿੰਘ, ਇੰਦਰਜੀਤ ਰੂਪੋਵਾਲੀ, ਅਵਤਾਰ ਨਗਲੀਆ, ਸੁਖਵਿੰਦਰ ਸਿੰਘ ਹੈਪੀ ਅਤੇ ਰਮਨਿੰਦਰ ਸਿੰਘ ਮੜੌਲੀ ਨੇ ਡਾਢਾ ਦੁੱਖ ਪ੍ਰਗਟਾਇਆ ਹੈ ।



# ਕਾਠਗੜ੍ਹ ਦੇ ਸਰਕਾਰੀ ਹਸਪਤਾਲ ਦੀ ਹਾਲਤ ਖ਼ੁਦ ਵੈਂਟੀਲੇਟਰ 'ਤੇ, ਪੰਜਾਬ ਸਰਕਾਰ ਦਾ ਦਿੱਲੀ ਮਾਡਲ ਫੇਲ੍ਹ: ਰਾਜਾ ਵੜਿੰਗ

## ਪੰਜਾਬ ਕਾਂਗਰਸ ਪ੍ਰਧਾਨ ਅਤੇ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਹਸਪਤਾਲ ਦਾ ਅਚਨਚੇਤ ਦੌਰਾ, ਸਟਾਫ਼ ਅਤੇ ਮਰੀਜ਼ਾਂ ਦੀਆਂ ਮੁਸ਼ਕਿਲਾਂ ਸੁਣੀਆਂ

**ਨਵਾਂਸ਼ਹਿਰ /ਕਾਠਗੜ੍ਹ, 6 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਕਾਠਗੜ੍ਹ ਦਾ ਸਰਕਾਰੀ ਹਸਪਤਾਲ ਇਨੀਂ ਦਿਨੀਂ ਖ਼ੁਦ ਸੰਕਟ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਦੇਖ ਕੇ ਮੌਜੂਦਾ ਸਰਕਾਰ ਕੋਲ ਜਨਤਾ ਨੂੰ ਦੇਣ ਲਈ ਕੋਈ ਜਵਾਬ ਨਹੀਂ ਹੈ। ਇਸੇ ਸਥਿਤੀ ਦਾ ਜਾਇਜ਼ਾ ਲੈਣ ਲਈ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੀ ਟੀਮ ਸਮੇਤ ਕਾਠਗੜ੍ਹ ਦੇ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਬਲਾਕ ਸੰਮਤੀ ਬਲਾਚੌਰ ਦੇ ਚੇਅਰਮੈਨ ਨਾਨਕ ਸਿੰਘ ਜੰਡੀ , ਜ਼ਿਲ੍ਹਾ ਪਰਿਸ਼ਦ ਮੈਂਬਰ ਮੋਹਨ ਲਾਲ ਸੰਧੂ, ਕੁਲਦੀਪ ਦੀਪਾ ਨਿੱਘੀ , ਪ੍ਰਵੀਨ ਚੌਧਰੀ, ਬਲਜਿੰਦਰ ਸਿੰਘ ਸਰਪੰਚ ਅਤੇ ਕਈ ਹੋਰ ਕਾਂਗਰਸੀ ਵਰਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਦੁਪਹਿਰ ਤੋਂ ਬਾਅਦ ਹੋਏ ਇਸ ਅਚਨਚੇਤ ਦੌਰੇ ਕਾਰਨ ਹਸਪਤਾਲ ਵਿੱਚ ਮੌਜੂਦ ਸਟਾਫ਼ ਵਿੱਚ ਹੜਕੰਪ ਮਚ ਗਿਆ। ਕਾਂਗਰਸ ਪ੍ਰਧਾਨ ਨੇ ਪੂਰੇ ਹਸਪਤਾਲ ਦਾ ਬਾਰੀਕੀ ਨਾਲ ਨਿਰੀਖਣ ਕੀਤਾ ਅਤੇ ਉੱਥੇ ਤਾਇਨਾਤ ਕਰਮਚਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ। ਹਸਪਤਾਲ ਦੀ ਖ਼ਸਤਾ ਹਾਲਤ ਦੇਖ ਕੇ ਉਨ੍ਹਾਂ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਜਨਤਾ ਨੂੰ ਇੱਥੇ ਕੀ ਸਹੂਲਤ ਮਿਲੇਗੀ, ਇਹ ਹਸਪਤਾਲ ਤਾਂ ਖ਼ੁਦ ਹੀ ਵੈਂਟੀਲੇਟਰ 'ਤੇ ਚੱਲ ਰਿਹਾ ਹੈ। ਉਨ੍ਹਾਂ ਹਸਪਤਾਲ ਦੇ ਅੰਦਰ ਚੱਲ ਰਹੇ ਆਮ ਆਦਮੀ ਪਾਰਟੀ ਦੇ ਮੁਹੱਲਾ ਕਲੀਨਿਕ ਦਾ ਵੀ ਜਾਇਜ਼ਾ ਲਿਆ, ਜੋ ਕਿ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਬਿਨਾਂ ਡਾਕਟਰ ਤੋਂ ਬੰਦ ਪਿਆ ਸੀ ਅਤੇ ਉੱਥੇ ਕੁਰਸੀਆਂ ਖਾਲੀ ਸਨ। ਇਸ ਤੋਂ ਇਲਾਵਾ ਰਾਜਾ ਵੜਿੰਗ ਨੇ ਓਟ ਸੈਂਟਰ ਦਾ ਵੀ ਨਿਰੀਖਣ ਕੀਤਾ, ਜੋ ਬਿਨਾਂ ਡਾਕਟਰਾਂ ਦੇ ਚੱਲ ਰਿਹਾ ਸੀ ਅਤੇ ਡਾਕਟਰਾਂ ਦੇ ਸਾਰੇ ਕਮਰੇ ਬੰਦ ਪਾਏ ਗਏ।








ਹਸਪਤਾਲ ਦੇ ਹਾਲਾਤ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਸਿਹਤ ਸਹੂਲਤਾਂ ਦੀ ਇੱਥੇ ਸ਼ਰੇਆਮ ਪੋਲ ਖੁੱਲ੍ਹ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੇ ਚਾਰ ਸਾਲ ਬੀਤ ਰਹੇ ਹਨ, ਪਰ ਜਨਤਾ ਅਜੇ ਤੱਕ ਦਿੱਲੀ ਵਾਲਾ ਮਾਡਲ ਦੇਖਣ ਨੂੰ ਤਰਸ ਰਹੀ ਹੈ। ਹਸਪਤਾਲ ਵਿੱਚ ਲੰਬੇ ਸਮੇਂ ਤੋਂ ਐਸ.ਐਮ.ਓ. ਦਾ ਅਹਿਮ ਅਹੁਦਾ ਖਾਲੀ ਚੱਲ ਰਿਹਾ ਹੈ ਅਤੇ ਸਿਰਫ਼ ਇੱਕ ਆਯੁਰਵੈਦਿਕ ਡਾਕਟਰ ਦੇ ਸਹਾਰੇ ਹੀ ਪੂਰੇ ਹਸਪਤਾਲ ਅਤੇ ਮੁਹੱਲਾ ਕਲੀਨਿਕ ਨੂੰ ਛੱਡਿਆ ਹੋਇਆ ਹੈ। ਹਸਪਤਾਲ ਦੇ ਚਾਰੋਂ ਤਰਫ਼ ਝਾੜੀਆਂ ਵਿੱਚ ਕੀਮਤੀ ਜਨਰੇ-ਟਰ ਪਿਆ-ਪਿਆ ਖ਼ਰਾਬ ਹੋ ਰਿਹਾ ਹੈ, ਜਿਸ ਤੋਂ ਸਰਕਾਰ ਦੀ ਹਸਪਤਾਲ ਪ੍ਰਤੀ ਬੇਰੁਖ਼ੀ ਸਾਫ਼ ਝਲਕਦੀ ਹੈ। ਇਸ ਦੌਰੇ ਦੌਰਾਨ ਰਾਜਾ ਵੜਿੰਗ ਨੇ ਹਸਪਤਾਲ ਦੇ ਸਟਾਫ਼ ਅਤੇ ਆਸ-ਪਾਸ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉੱਥੋਂ ਹੀ ਫੇਸਬੁੱਕ 'ਤੇ ਲਾਈਵ ਹੋ ਕੇ ਜਨਤਾ ਲਈ ਆਪਣਾ ਸੰਦੇਸ਼ ਛੱਡਿਆ। ਲਗਭਗ ਡੇਢ ਘੰਟੇ ਦੇ ਇਸ ਦੌਰੇ ਤੋਂ ਬਾਅਦ ਜਿੱਥੇ ਹਸਪਤਾਲ ਪ੍ਰਸ਼ਾਸਨ ਵਿੱਚ ਸਨਾਟਾ ਪਸਰ ਗਿਆ, ਉੱਥੇ ਹੀ ਇਲਾਕੇ ਦੇ ਲੋਕਾਂ ਵਿੱਚ ਇਹ ਉਮੀਦ ਜਗ ਗਈ ਹੈ ਕਿ ਹੁਣ ਸ਼ਾਇਦ ਇਸ ਹਸਪਤਾਲ ਦੀ ਸੁਣਵਾਈ ਜ਼ਰੂਰ ਹੋਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਜਨਤਾ ਨੇ ਆਉਣ ਵਾਲੇ ਸਮੇਂ ਵਿੱਚ ਸਾਡੀ ਕਾਂਗਰਸ ਸਰਕਾਰ ਨੂੰ ਮੌਕਾ ਦਿੱਤਾ, ਤਾਂ ਇਸ ਹਸਪਤਾਲ ਦੀ ਹਾਲਤ ਵਿੱਚ ਹਰ ਹਾਲ ਸੁਧਾਰ ਕੀਤਾ ਜਾਵੇਗਾ। ਹਸਪਤਾਲ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਅਜੇ ਤੱਕ ਕੋਈ ਵੀ ਚੋਰ ਕਾਬੂ ਨਹੀਂ ਆ ਸਕਿਆ ਹੈ ਅਤੇ ਨਾ ਹੀ ਹਸਪਤਾਲ ਵਿੱਚ ਕੋਈ ਐਮਰਜੈਂਸੀ ਸਹੂਲਤ ਹੈ, ਜਦਕਿ ਬਿਲਡਿੰਗ ਵੀ ਲਗਾਤਾਰ ਖ਼ਸਤਾ ਹਾਲ ਹੁੰਦੀ ਜਾ ਰਹੀ ਹੈ।

# ਗੈਸ, ਪੈਟਰੋਲ ਅਤੇ ਘਰੇਲੂ ਵਸਤੂਆਂ ਦੇ ਭਾਅ ਅਸਮਾਨੀ ਚੜ੍ਹਨ ਨਾਲ ਲੋਕ ਪਰੇਸ਼ਾਨ : ਆਜਾਦ

**ਲੁਧਿਆਣਾ 6 ਜੂਨ (ਕਰਨੈਲ ਸਿੰਘ ਐੱਮ.ਏ.)** ਪਿਛਲੇ ਕਈ ਮਹੀਨਿਆਂ ਤੋਂ ਜੰਗ ਕਾਰਨ ਜਿੱਥੇ ਭਾਰੀ ਨੁਕਸਾਨ ਹੋਇਆ ਹੈ ਅਤੇ ਅਨੇਕਾਂ ਹੀ ਲੋਕ ਇਸ ਜੰਗ ਵਿੱਚ ਮਾਰੇ ਜਾ ਚੁੱਕੇ ਹਨ, ਅਰਬਾਂ ਖਰਬਾਂ ਦਾ ਨੁਕ-ਸਾਨ ਹੋ ਚੁੱਕਿਆ ਹੈ। ਜੰਗ ਕਾਰਨ ਸਾਰੇ ਦੇਸ਼ਾਂ ਵਿੱਚ ਗੈਸ ਅਤੇ ਪੈਟਰੋਲ ਦੀ ਕਮੀ ਕਾਰਨ ਪੂਰੀ ਦੁਨੀਆ ਵਿੱਚ ਗੈਸ ਤੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਜਿਸ ਕਾਰਨ ਭਾਰਤ ਵਿੱਚ ਵੀ ਅਮਰੀਕਾ, ਇਜ਼ਰਾਈਲ ਅਤੇ ਈਰਾਨ ਦੀ ਜੰਗ ਦਾ ਭਾਰੀ ਅਸਰ ਦੇਖਣ ਨੂੰ ਮਿਲ ਰਿਹਾ ਹੈ। ਜਿਸ ਕਾਰਨ ਲੋਕਾਂ ਦੀ ਆਮ ਜ਼ਿੰਦਗੀ ਵਿੱਚ ਰੋਜ਼ਾਨਾ ਵਰਤੋਂ ਆਉਣ ਵਾਲੀਆਂ ਵਸਤੂਆਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ ਤੇ ਲੋਕਾਂ ਨੂੰ ਵਧੀਆਂ ਕੀਮਤਾਂ ਦੀ ਭਾਰੀ ਮਾਰ ਝੱਲਣੀ ਪੈ ਰਹੀ ਹੈ। ਗੈਸ ਅਤੇ ਤੇਲ ਦੀਆਂ ਵਧੀਆਂ ਕੀਮਤਾਂ ਕਾਰਨ ਜਨ ਜੀਵਨ ਤੇ ਬਹੁਤ ਹੀ ਗਹਿਰਾ ਪ੍ਰਭਾਵ ਪਿਆ ਅਤੇ ਲੋਕ ਮਹਿੰਗਾਈ ਕਾਰਨ ਕਾਫੀ ਪਰੇਸ਼ਾਨ ਨਜ਼ਰ ਆ ਰਹੇ ਹਨ। ਲੋਕਾਂ ਦਾ ਦੋ ਵਕਤ ਦੀ ਰੋਟੀ ਖਾਣਾ ਵੀ ਮੁਸ਼ਕਿਲ ਹੋ



ਚੁੱਕਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਆਜਾਦ ਨੇ ਕੀਤਾ । ਉਹਨਾਂ ਕਿਹਾ ਕਿ ਜੰਗ ਕਾਰਨ ਦੇਸ਼ ਵਿੱਚ ਜਿੱਥੇ ਪੈਟਰੋਲ, ਡੀਜ਼ਲ ਤੇ ਗੈਸ ਦੀਆਂ ਕੀਮਤਾਂ ਨੇ ਆਮ ਲੋਕਾਂ ਦੀ ਜ਼ਿੰਦਗੀ ‘ਤੇ ਭਾਰੀ ਪ੍ਰਭਾਵ ਪਾਇਆ ਹੈ। ਉਥੇ ਹੀ ਰੋਜ਼ਾਨਾ ਜੀਵਨ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਵੀ ਕਾਫੀ ਮਹਿੰਗੀਆਂ ਹੋ ਗਈਆਂ ਹਨ ਅਤੇ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ। ਉਹਨਾਂ ਕਿਹਾ ਕਿ ਜੰਗ ਦਾ ਅਸਰ ਹਰੇਕ ਦੇਸ਼ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਅਤੇ ਇਸ ਦਾ ਅਮਨ ਸ਼ਾਂਤੀ ਨਾਲ ਗੱਲਬਾਤ ਕਰ ਕੇ ਹੱਲ ਕੱਢਣਾ ਚਾਹੀਦਾ ਹੈ ਤਾਂ ਜੋ ਗਰੀਬ ਲੋਕਾਂ ਨੂੰ ਰਾਹਤ ਮਿਲ ਸਕੇ।

# ਅਪ੍ਰੈਂਟਿਸ ਲਾਈਨਮੈਨਾਂ 'ਤੇ ਪੁਲਿਸ ਵੱਲੋਂ ਬੇਵਜ੍ਹਾ ਕੀਤਾ ਲਾਠੀਚਾਰਜ ਬੇਹੱਦ ਨਿੰਦਣਯੋਗ ਅਤੇ ਸ਼ਰਮਨਾਕ : ਵਿਸ਼ਵਨਾਥ ਬੰਟੀ

## ਡੀਐਸਪੀ ਸੰਜੀਵ ਸਿੰਗਲਾ ਨੂੰ ਤੁਰੰਤ ਡਿਸਮਿਸ ਕਰਨ ਅਤੇ ਪੁਲਿਸ ਮੁਲਾਜ਼ਮਾਂ 'ਤੇ ਐਫ.ਆਈ.ਆਰ. ਦਰਜ ਕਰਨ ਦੀ ਕੀਤੀ ਮੰਗ

**ਹੁਸ਼ਿਆਰਪੁਰ 6 ਜੂਨ ( ਤਰਸੇਮ ਦੀਵਾਨਾ )** – ਦਫ਼ਤਰ ਦੇ ਬਾਹਰ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਅਪ੍ਰੈਂਟਿਸ ਲਾਈਨਮੈਨਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਬੇਰਹਿਮ ਲਾਠੀਚਾਰਜ ਦੀ ਚੌਤਰਫਾ ਨਿੰਦਾ ਹੋ ਰਹੀ ਹੈ। ਇਸ ਘਟਨਾ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਾਂਗਰਸ ਦੇ ਉੱਘੇ ਆਗੂ ਅਤੇ ਗਊਸ਼ਾਲਾ ਦੇ ਪ੍ਰਧਾਨ ਵਿਸ਼ਵਨਾਥ ਬੰਟੀ ਨੇ ਇਸ ਕਾਰਵਾਈ ਨੂੰ ਬੇਹੱਦ ਨਿੰਦਣਯੋਗ, ਅਣਮਨੁੱਖੀ ਅਤੇ ਸ਼ਰਮਨਾਕ ਕਰਾਰ ਦਿੱਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਘੇ ਕਾਂਗਰਸੀ ਆਗੂ ਵਿਸ਼ਵਨਾਥ ਬੰਟੀ ਨੇ ਕਿਹਾ ਕਿ "ਆਪਣੇ ਹੱਕ ਮੰਗ ਰਹੇ ਨੌਜਵਾਨ ਪ੍ਰਦਰਸ਼ਨਕਾਰੀਆਂ ਨੂੰ ਇੱਕ ਡੀ.ਐਸ.ਪੀ. ਸੰਜੀਵ ਸਿੰਗਲਾ ਵੱਲੋਂ ਬਹੁਤ ਹੀ ਬੁਰੀ ਤਰ੍ਹਾਂ ਕੁੱਟਿਆ ਗਿਆ ਹੈ। ਜਿਸ ਬੇਰਹਿਮੀ ਨਾਲ ਪੁਲਿਸ ਨੌਜਵਾਨਾਂ 'ਤੇ ਲਾਠੀਆਂ ਵ੍ਹਾ ਰਹੀ ਸੀ, ਉਸ ਤਰ੍ਹਾਂ ਤਾਂ ਪਸ਼ੂਆਂ ਨੂੰ ਵੀ ਨਹੀਂ ਕੁੱਟਿਆ ਜਾਂਦਾ।



ਲੋਕਤੰਤਰ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ 'ਤੇ ਅਜਿਹਾ ਤਸ਼ੱਦਦ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਵਿਸ਼ਵਨਾਥ ਬੰਟੀ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਪੁਲਿਸ ਨੂੰ ਲਾਠੀਚਾਰਜ ਕਰਨ ਲਈ ਐਸ.ਡੀ.ਐਮ. ਵੱਲੋਂ ਦਿੱਤੇ ਗਏ ਲਿਖਤੀ ਹੁਕਮਾਂ ਡੀ ਕਾਪੀ ਤੁਰੰਤ ਜਨਤਕ ਕੀਤੀ ਜਾਵੇ। ਉਹਨਾਂ ਕਿਹਾ ਕਿ ਜੇਕਰ ਐਸ.ਡੀ.ਐਮ. ਵੱਲੋਂ ਲਾਠੀਚਾਰਜ ਦੇ ਕੋਈ ਆਰਡਰ ਨਹੀਂ ਸਨ, ਤਾਂ ਡੀ.ਐਸ.ਪੀ. ਸੰਜੀਵ ਸਿੰਗਲਾ ਸਮੇਤ ਮੌਕੇ 'ਤੇ ਮੌਜੂਦ ਸਾਰੇ ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ 'ਤੇ ਬਣਦੀਆਂ ਸਖ਼ਤ ਧਾਰਾਵਾਂ ਤਹਿਤ ਤੁਰੰਤ ਐਫ.ਆਈ.ਆਰ. (FIR) ਦਰਜ ਕੀਤੀ ਜਾਵੇ। ਉਹਨਾਂ ਕਿਹਾ ਕਿ ਨੌਜਵਾਨਾਂ 'ਤੇ ਬੇਰਹਿਮੀ ਢਾਹੁਣ ਵਾਲੇ ਡੀ.ਐਸ.ਪੀ. ਨੂੰ ਤੁਰੰਤ ਨੌਕਰੀ ਤੋਂ ਡਿਸਮਿਸ ਕੀਤਾ ਜਾਵੇ।

ਵਿਸ਼ਵਨਾਥ ਬੰਟੀ ਨੇ ਹਿਊਮਨ ਰਾਈਟਸ (ਮਾਨਵਾਧਿਕਾਰ ਕਮਿਸ਼ਨ) ਦੇ ਚੇਅਰਮੈਨ ਨੂੰ ਵੀ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਪੁਲਿਸ ਵੱਲੋਂ ਕੀਤੀ ਗਈ ਇਸ ਬੇਰਹਿਮ ਕੁੱਟਮਾਰ ਦਾ 'ਸੂ ਮੋਟੋ' (Suo Moto) ਨੋਟਿਸ ਲਿਆ ਜਾਵੇ ਅਤੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਮਾਨਵਾਧਿਕਾਰਾਂ ਦੀ ਉਲੰਘਣਾ ਕਰਨ ਦਾ ਮਾਮਲਾ ਚਲਾ ਕੇ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਈ ਜਾਵੇ। ਉਹਨਾ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਇਨ੍ਹਾਂ ਨੌਜਵਾਨਾਂ ਦੇ ਹੱਕਾਂ ਲਈ ਡਟ ਕੇ ਖੜ੍ਹੀ ਹੈ ।

# ਝਾੜੂ ਨੂੰ ਤੀਲਾ-ਤੀਲਾ ਕਰਕੇ ਕਾਂਗਰਸੀ ਕੌਂਸਲਰਾਂ ਦਾ ਰੋਸ ਪ੍ਰਦਰਸ਼ਨ, ਸਰਕਾਰ ਨੂੰ ਦਿੱਤੀ ਖੁੱਲ੍ਹੀ ਚੁਣੌਤੀ





**ਲੁਧਿਆਣਾ 6 ਜੂਨ ( ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਦੱਖਣੀ ਅਧੀਨ ਪੈਂਦੇ ਵਾਰਡ ਨੰਬਰ 31 ਅਤੇ 43 ਦੇ ਕਾਂਗਰਸੀ ਕੌਂਸਲਰਾਂ ਵੱਲੋਂ ਸਾਂਝੇ ਤੌਰ 'ਤੇ ਢੋਲੇਵਾਲ ਵਿਖੇ ਝਾੜੂ ਨੂੰ ਤੀਲਾ-ਤੀਲਾ ਕਰਕੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ 'ਆਪ' ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਇਸ ਮੌਕੇ ਵਾਰਡ ਨੰਬਰ 31 ਦੀ ਕੌਂਸਲਰ ਹਰਮਨਦੀਪ ਕੌਰ ਚਾਹਲ ਦੇ ਪਤੀ ਸਵਰਨਦੀਪ ਸਿੰਘ ਚਾਹਲ ਅਤੇ ਵਾਰਡ ਨੰਬਰ 43 ਦੇ ਕੌਂਸਲਰ ਅਰਜਨ ਸਿੰਘ ਚੀਮਾ ਨੇ ਕਿਹਾ ਕਿ ਬੇਅਦਬੀ ਕਾਨੂੰਨ ਬਣਾਉਣ ਵਾਲੀ ਸਰਕਾਰ ਹੁਣ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਝਾੜੂ ਦੇ ਤੀਲੇ ਕਰਨ ਵਰਗੇ ਮਾਮਲਿਆਂ ਵਿੱਚ ਵੀ ਲੋਕਾਂ ਉੱਤੇ ਪਰਚੇ ਦਰਜ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਰੋਸ ਪ੍ਰਗਟ ਕਰਦਿਆਂ ਕਈ ਝਾੜੂਆਂ ਨੂੰ ਤੀਲਾ-ਤੀਲਾ ਕੀਤਾ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਲਲਕਾਰਦੇ ਹੋਏ ਕਿਹਾ ਕਿ ਜੇਕਰ ਸਰਕਾਰ ਵਿੱਚ ਹਿੰਮਤ ਹੈ ਤਾਂ ਉਨ੍ਹਾਂ ਖ਼ਿਲਾਫ਼ ਵੀ ਪਰਚਾ ਦਰਜ ਕਰਕੇ ਦਿਖਾਵੇ। ਆਗੂਆਂ ਨੇ ਦੋਸ਼ ਲਗਾਇਆ ਕਿ ਜਿਨ੍ਹਾਂ ਵਾਅਦਿਆਂ ਦੇ ਆਧਾਰ 'ਤੇ ਸਰਕਾਰ ਸੱਤਾ ਵਿੱਚ ਆਈ ਸੀ, ਉਹ ਬੀਤੇ ਚਾਰ ਸਾਲਾਂ ਤੋਂ ਵੱਧ ਸਮੇਂ ਦੌਰਾਨ ਪੂਰੇ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਹੁਣ ਜਦੋਂ "ਝਾੜੂ ਦੇ ਤੀਲੇ ਖਿਲਰਣੇ ਸ਼ੁਰੂ ਹੋਏ ਹਨ" ਤਾਂ ਸਰਕਾਰ ਲੋਕਾਂ ਉੱਤੇ ਪਰਚੇ ਦਰਜ ਕਰਕੇ ਆਪਣੀ ਨਾਕਾਮੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਦੀ ਉਹ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਨ। ਇਸ ਮੌਕੇ ਪ੍ਰਦੀਪ ਕੁਮਾਰ, ਬਲਜੀਤ ਸਿੰਘ ਚੀਮਾ, ਅਮਰੀਕ ਸਿੰਘ, ਜਸਵੰਤ ਸਿੰਘ ਸੁੱਖਾ, ਸੁਖਦੇਵ ਸਿੰਘ ਮੰਡੇਰ, ਜਗਦੇਵ ਸਿੰਘ ਬੈਂਸ, ਕੁਲਦੀਪ ਸਿੰਘ ਪੰਧੇਰ, ਪਰਮਿੰਦਰ ਸਿੰਘ, ਮੇਹਰ ਸਿੰਘ, ਰਜੇਸ਼ ਸ਼ਰਮਾ, ਸਾਵਨ ਸਿੰਘ, ਦੀਪਕ ਮੈਨਰੋ ਸਮੇਤ ਹੋਰ ਪਾਰਟੀ ਵਰਕਰ ਵੀ ਹਾਜ਼ਰ ਸਨ।

# ਨਵਾਂਸ਼ਹਿਰ ਪੁਲਿਸ ਦੀ ਵੱਡੀ ਕਾਮਯਾਬੀ: 16 ਸਾਲਾ ਨਾਬਾਲਗ ਲੜਕੀ ਦੇ ਕਤਲ ਦੀ ਗੁੱਥੀ ਸੁਲਝਾਈ, ਮੁਲਜ਼ਮ ਅਟੈਚੀ ਕੇਸ ਸਮੇਤ ਕਾਬੂ



**ਨਵਾਂਸ਼ਹਿਰ, 6 ਜੂਨ (ਜਤਿੰਦਰਪਾਲ ਸਿੰਘ ਕਲੇਰ) :** ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਪੁਲਿਸ ਨੇ ਇੱਕ ਬੇਹੱਦ ਸੰਵੇਦਨਸ਼ੀਲ ਮਾਮਲੇ ਵਿੱਚ ਮੁਸਤੈਦੀ ਦਿਖਾਉਂਦੇ ਹੋਏ 16 ਸਾਲਾ ਨਾਬਾਲਗ ਲੜਕੀ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸਫ਼ਲਤਾਪੂਰਵਕ ਸੁਲਝਾ ਲਿਆ ਹੈ। ਪੁਲਿਸ ਨੇ ਕਤਲ ਦੇ ਮੁਲਜ਼ਮ ਨੂੰ ਲਾਸ਼ ਨੂੰ ਟਿਕਾਣੇ ਲਗਾਉਣ ਲਈ ਵਰਤੇ ਗਏ ਅਟੈਚੀ ਕੇਸ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਸਰਬਜੀਤ ਸਿੰਘ ਬਾਹੀਆ (ਕਪਤਾਨ ਪੁਲਿਸ, ਜਾਂਚ) ਅਤੇ ਪੰਕਜ ਠਾਕੁਰ (ਉਪ ਕਪਤਾਨ ਪੁਲਿਸ, ਸਬ ਡਿਵੀਜ਼ਨ ਨਵਾਂਸ਼ਹਿਰ) ਦੀਆਂ ਹਦਾਇਤਾਂ 'ਤੇ ਥਾਣਾ ਸਿਟੀ ਨਵਾਂਸ਼ਹਿਰ ਦੇ ਮੁੱਖ ਅਫ਼ਸਰ ਇੰਸਪੈਕਟਰ ਅਵਤਾਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇ ਇਸ ਅੰਨ੍ਹੇ ਕਤਲ ਦਾ ਪਰਦਾਫਾਸ਼ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਨੇ ਦੱਸਿਆ ਕਿ ਮਿਤੀ 02-06-2026 ਨੂੰ ਊਸ਼ਾ ਰਾਣੀ ਵਾਸੀ ਜਾਡਲੀ ਬਾਣਾ, ਬਲਾਚੌਰ, ਹਾਲ ਵਾਸੀ ਪੰਜ ਪੀਰ ਵਾਲੀ ਗਲੀ, ਗੜ੍ਹਸ਼ੰਕਰ ਰੋਡ, ਨਵਾਂਸ਼ਹਿਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 29-05-2026 ਨੂੰ ਉਸਦੀ ਗੈਰ-ਹਾਜ਼ਰੀ ਵਿੱਚ ਕੋਈ ਅਣਪਛਾਤਾ ਵਿਅਕਤੀ ਉਸਦੀ 16 ਸਾਲਾ ਨਾਬਾਲਗ ਬੇਟੀ ਨੂੰ ਵਿਆਹ ਦਾ ਝਾਂਸਾ ਦੇ ਕੇ ਭਗਾ ਕੇ ਲੈ ਗਿਆ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਦੋਂ ਪੁਲਿਸ ਨੇ ਸ਼ੱਕੀ ਵਿਅਕਤੀ ਗੁਰਵਿੰਦਰ ਸਿੰਘ ਉਰਫ਼ ਗੁਰਪ੍ਰੀਤ ਉਰਫ਼ ਗੋਪਾ (ਉਮਰ ਕਰੀਬ 23 ਸਾਲ, ਪੁੱਤਰ ਗੁਰਨਾਮ ਸਿੰਘ, ਵਾਸੀ ਪਿੰਡ ਜਾਡਲੀ ਬਾਣਾ, ਬਲਾਚੌਰ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ, ਤਾਂ ਉਸਨੇ ਆਪਣਾ ਜੁਰਮ ਕਬੂਲ ਕਰਦਿਆਂ ਕਈ ਭਿਆਨਕ ਖੁਲਾਸੇ ਕੀਤੇ।

ਮੁਲਜ਼ਮ ਗੁਰਵਿੰਦਰ ਸਿੰਘ ਨੇ ਪੁਲਿਸ ਕੋਲ ਮੰਨਿਆ ਕਿ ਉਸਦੇ ਮ੍ਰਿਤਕ ਲੜਕੀ ਦੀ ਮਾਤਾ ਊਸ਼ਾ ਰਾਣੀ ਨਾਲ ਪ੍ਰੇਮ ਸਬੰਧ ਸਨ, ਜਿਸ ਕਰਕੇ ਉਸਦਾ ਘਰ ਆਉਣਾ-ਜਾਣਾ ਸੀ, ਪਰ ਮ੍ਰਿਤਕ ਨਾਬਾਲਗ ਲੜਕੀ ਇਸ ਗੱਲ ਨੂੰ ਪਸੰਦ ਨਹੀਂ ਸੀ ਕਰਦੀ। ਇਸੇ ਰੰਜਿਸ਼ ਤਹਿਤ 29-05-2026 ਨੂੰ ਸਵੇਰ ਦੇ ਸਮੇਂ ਜਦੋਂ ਊਸ਼ਾ ਰਾਣੀ ਕੰਮ 'ਤੇ ਗਈ ਹੋਈ ਸੀ, ਤਾਂ ਮੁਲਜ਼ਮ ਨੇ ਘਰ ਵਿੱਚ ਇਕੱਲੀ ਲੜਕੀ ਦਾ ਗਲਾ ਘੁੱਟ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਤੋਂ ਬਾਅਦ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਨੀਅਤ ਨਾਲ ਉਸਨੇ ਲਾਸ਼ ਨੂੰ ਇੱਕ ਅਟੈਚੀ ਕੇਸ ਵਿੱਚ ਪਾਇਆ ਅਤੇ ਆਪਣੇ ਮੋਟਰਸਾਈਕਲ ਦੇ ਪਿੱਛੇ ਰੱਖ ਕੇ ਪਿੰਡ ਖੁਰਾਲਗੜ੍ਹ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਗਲ ਵਿੱਚ ਲੈ ਗਿਆ, ਜਿੱਥੇ ਉਸਨੇ ਲਾਸ਼ ਨੂੰ ਅੱਗ ਲਗਾ ਦਿੱਤੀ।

ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਇੰਸਪੈਕਟਰ ਅਵਤਾਰ ਸਿੰਘ ਅਤੇ ਫੋਰੈਂਸਿਕ ਟੀਮ ਨੇ ਖੁਰਾਲਗੜ੍ਹ ਦੇ ਜੰਗਲ ਵਿੱਚੋਂ ਮ੍ਰਿਤਕ ਨਾਬਾਲਗ ਲੜਕੀ ਦੀ ਜਲੀ ਹੋਈ ਲਾਸ਼ (ਪਿੰਜਰ) ਬਰਾਮਦ ਕਰ ਲਈ ਹੈ। ਪੁਲਿਸ ਨੇ ਮੁਕੱਦਮੇ ਵਿੱਚ ਕਤਲ ਦੀਆਂ ਧਾਰਾਵਾਂ 103(1), 238 ਬੀਐਨਐਸ ਦਾ ਵਾਧਾ ਕਰਕੇ ਮੁਲਜ਼ਮ ਨੂੰ ਜਾਬਤੇ ਅਨੁਸਾਰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਗੁਰਵਿੰਦਰ ਸਿੰਘ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 04 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਦਕਿ ਮ੍ਰਿਤਕ ਲੜਕੀ ਦੇ ਸਰੀਰਕ ਅਵਸ਼ੇਸ਼ਾਂ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਮਾਮਲੇ ਦੀ ਅਗਲੇਰੀ ਤਫ਼ਤੀਸ਼ ਲਗਾਤਾਰ ਜਾਰੀ ਹੈ।

# ਬਲਾਚੌਰ ਦੇ ਵਿਕਾਸ ਲਈ ਸੀਨੀਅਰ ਆਗੂਆਂ ਦੀ ਮੀਟਿੰਗ, 'ਬਲਾਚੌਰ ਲੋਕ ਭਲਾਈ ਵਿਕਾਸ ਮੰਚ' ਬਣਾਉਣ 'ਤੇ ਸਹਿਮਤੀ



**ਨਵਾਂਸ਼ਹਿਰ 6 ਜੂਨ (ਜਤਿੰਦਰ ਪਾਲ ਸਿੰਘ ਕਲੇਰ )** :ਹਲਕਾ ਬਲਾਚੌਰ ਨੂੰ ਤਰੱਕੀ ਦੇ ਰਾਹ 'ਤੇ ਲਿਆਉਣ ਅਤੇ ਪਛੜੇਪਣ ਨੂੰ ਦੂਰ ਕਰਨ ਲਈ ਅੱਜ ਸਥਾਨਕ ਇੱਕ ਹੋਟਲ ਵਿੱਚ ਬਲਾਚੌਰ ਦੇ ਸੀਨੀਅਰ ਆਗੂਆਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਸਿਆਸੀ ਪਾਰਟੀਆਂ ਨਾਲ ਸਬੰਧਤ ਆਗੂਆਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ। ਮੀਟਿੰਗ ਦੇ ਵੇਰਵੇ ਸਾਂਝੇ ਕਰਦੇ ਹੋਏ ਉੱਘੇ ਸਮਾਜ ਸੇਵੀ ਅਸ਼ੋਕ ਕੁਮਾਰ ਨਾਨੋਵਾਲ ਨੇ ਆਪਣੇ ਸਾਥੀਆਂ ਸਮੇਤ ਗੱਲ ਕਰਦਿਆਂ ਕਿਹਾ ਕਿ ਬਲਾਚੌਰ ਦੇ ਵਿਕਾਸ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਹਲਕੇ ਦੀਆਂ ਦਰਪੇਸ਼ ਸਮੱਸਿਆਵਾਂ 'ਤੇ ਗੰਭੀਰਤਾ ਨਾਲ ਚਰਚਾ ਕੀਤੀ। ਸੜਕਾਂ ਦੀ ਮਾੜੀ ਹਾਲਤ, ਸਿਹਤ ਸਹੂਲਤਾਂ ਦੀ ਘਾਟ, ਬੇਰੁਜ਼ਗਾਰੀ, ਪੀਣ ਵਾਲੇ ਪਾਣੀ ਦੀ ਸਮੱਸਿਆ ਅਤੇ ਉਦਯੋਗਿਕ ਪਛੜੇਪਣ ਵਰਗੇ ਮੁੱਦੇ ਉਠਾਏ ਗਏ।

ਆਗੂਆਂ ਨੇ ਸਹਿਮਤੀ ਪ੍ਰਗਟਾਈ ਕਿ ਹਲਕੇ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਇੱਕ ਸਾਂਝੇ ਮੰਚ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਇਸੇ ਮਕਸਦ ਤਹਿਤ 'ਬਲਾਚੌਰ ਲੋਕ ਭਲਾਈ ਵਿਕਾਸ ਮੰਚ' ਬਣਾਉਣ ਦਾ ਫੈਸਲਾ ਲਿਆ ਗਿਆ। ਇਸ ਮੰਚ 'ਤੇ ਸਾਰੀਆਂ ਪਾਰਟੀਆਂ ਦੇ ਆਗੂ ਬਿਨਾਂ ਕਿਸੇ ਰਾਜਨੀਤਕ ਵਿਰੋਧ ਤੋਂ ਇਕੱਠੇ ਹੋ ਕੇ ਸਿਰਫ਼ ਬਲਾਚੌਰ ਦੇ ਭਲੇ ਲਈ ਕੰਮ ਕਰਨਗੇ। ਮੰਚ ਦਾ ਮੁੱਖ ਮਕਸਦ ਹਲਕੇ ਦੇ ਵਿਕਾਸ ਸਬੰਧੀ ਮੰਗਾਂ ਨੂੰ ਸਰਕਾਰ ਅੱਗੇ ਰੱਖਣਾ, ਵਿਕਾਸ ਕਾਰਜਾਂ ਦੀ ਨਿਗਰਾਨੀ ਕਰਨਾ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਣਾ ਹੋਵੇਗਾ। ਸਰਦਾਰ ਜੋਗਿੰਦਰ ਸਿੰਘ ਅਟਵਾਲ ਅਤੇ ਅਜਮੇਰ ਸਿੰਘ ਭਾਰਾਪੁਰ ਵੱਲੋਂ ਕਿਹਾ ਗਿਆ ਕਿ ਮੰਚ ਵੱਲੋਂ ਬਲਾਚੌਰ ਵਿੱਚ ਇੱਕ ਦਫ਼ਤਰ ਖੋਲ੍ਹਣ ਦਾ ਵੀ ਫੈਸਲਾ ਲਿਆ ਗਿਆ। ਮੰਚ ਦੀ ਅਗਲੀ ਮੀਟਿੰਗ ਉਕਤ ਦਫ਼ਤਰ ਵਿੱਚ ਹੋਵੇਗੀ,ਜਿਸ ਵਿੱਚ ਮੰਚ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਆਉਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਬਹਾਦਰ ਸਿੰਘ ਬਿਰਲ ਪੈਲੀ, ਸਤਨਾਮ ਸਿੰਘ ਸਹੂੰਗੜਾ, ਜਥੇਦਾਰ ਹਜ਼ੂਰਾ ਸਿੰਘ ਪੈਲੀ, ਨਿਰਮੈਲ ਸਿੰਘ ਥਾਂਦੀ, ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜੁਝਾਰ ਸਿੰਘ ਸੇਠੀ, ਠੇਕੇਦਾਰ ਗੁਰਨਾਮ ਸਿੰਘ ਜੋਗੇਵਾਲ, ਹਰਨੇਕ ਸਿੰਘ ਥਿਆੜਾ ਛਦੌੜੀ, ਪੰਮੀ ਖਟਾਣਾ, ਸਤਿੰਦਰ ਸਿੰਘ ਸਜਾਵਲਪੁਰ, ਬਲਾਕ ਸੰਮਤੀ ਮੈਂਬਰ ਗੁਰਵਿੰਦਰ ਸਿੰਘ ਗਿਫਟੀ ਭਾਰਾਪੁਰ,ਨਰੇਸ਼ ਕੁਮਾਰ ਕਰੀਮਪੁਰ ਚਾਹਵਾਲਾ,ਠੇਕੇਦਾਰ ਸੁਰੇਸ਼ ਕੁਮਾਰ ਕਰੀਮਪੁਰ ਚਾਹਵਾਲਾ ਹਾਜ਼ਿਰ ਸਨ।

# ਡੀ-ਡੇਅ ਦੀ 82ਵੀਂ ਵਰ੍ਹੇਗੰਢ ਮੌਕੇ ਨਾਰਮੈਂਡੀ ਯਾਦਗਾਰ 'ਤੇ 100 ਨਵੇਂ ਸ਼ਹੀਦਾਂ ਦੇ ਨਾਂ ਸ਼ਾਮਲ









**ਲੈਸਟਰ (ਇੰਗਲੈਂਡ), 6 ਜੂਨ (ਸੁਖਜਿੰਦਰ ਸਿੰਘ ਢੱਡੇ)–** ਦੂਜੇ ਵਿਸ਼ਵ ਯੁੱਧ ਦੌਰਾਨ ਫਰਾਂਸ ਦੇ ਨਾਰਮੈਂਡੀ ਤੱਟ 'ਤੇ ਹੋਏ ਇਤਿਹਾਸਕ ਡੀ-ਡੇਅ ਹਮਲੇ ਦੀ 82ਵੀਂ ਵਰ੍ਹੇਗੰਢ ਮੌਕੇ ਬਰਤਾਨੀਆ ਦੇ ਬਚੇ ਹੋਏ ਸਾਬਕਾ ਸੈਨਿਕਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਵਾਰ ਦੇ ਸਮਾਗਮ ਦੀ ਖ਼ਾਸ ਗੱਲ ਇਹ ਰਹੀ ਕਿ ਬ੍ਰਿਟਿਸ਼ ਨਾਰਮੈਂਡੀ ਮੈਮੋਰੀਅਲ 'ਤੇ ਕਰੀਬ 100 ਹੋਰ ਬ੍ਰਿਟਿਸ਼ ਸੈਨਿਕਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ, ਜੋ ਪਹਿਲਾਂ ਰਿਕਾਰਡਾਂ ਦੀਆਂ ਗਲਤੀਆਂ ਕਾਰਨ ਯਾਦਗਾਰ ਦਾ ਹਿੱਸਾ ਨਹੀਂ ਬਣ ਸਕੇ ਸਨ।6 ਜੂਨ 1944 ਨੂੰ ਬ੍ਰਿਟਿਸ਼, ਅਮਰੀਕੀ ਅਤੇ ਕੈਨੇਡੀਅਨ ਫੌਜਾਂ ਨੇ ਨਾਰਮੈਂਡੀ ਦੇ ਤੱਟਾਂ 'ਤੇ ਉਤਰ ਕੇ ਨਾਜ਼ੀ ਕਬਜ਼ੇ ਤੋਂ ਫਰਾਂਸ ਨੂੰ ਆਜ਼ਾਦ ਕਰਵਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਫੌਜੀ ਕਾਰਵਾਈ ਨੂੰ ਇਤਿਹਾਸ ਦੀ ਸਭ ਤੋਂ ਵੱਡੀ ਸਮੁੰਦਰੀ ਸੈਨਿਕ ਮੁਹਿੰਮ ਮੰਨਿਆ ਜਾਂਦਾ ਹੈ।ਸਮਾਗਮ ਵਿੱਚ ਸ਼ਾਮਲ 100 ਸਾਲਾ ਸਾਬਕਾ ਫੌਜੀ ਕੈਨੇਥ ਹੇਅ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਲਈ ਯਾਦਗਾਰ 'ਤੇ ਲਿਖੇ ਨਾਂ ਸਿਰਫ਼ ਸ਼ਬਦ ਹਨ, ਪਰ ਉਨ੍ਹਾਂ ਲਈ ਇਹ ਉਨ੍ਹਾਂ ਦੇ ਸਾਥੀਆਂ ਦੇ ਚਿਹਰੇ ਹਨ, ਜਿਨ੍ਹਾਂ ਨਾਲ ਉਹ ਜੰਗ ਦੇ ਮੈਦਾਨ ਵਿੱਚ ਰਹੇ ਸਨ।ਯਾਦਗਾਰ ਵਿੱਚ ਨਵੇਂ ਸ਼ਾਮਲ ਕੀਤੇ ਗਏ ਨਾਵਾਂ ਵਿੱਚ ਸਿਸਲ ਗ੍ਰੀਨ ਦਾ ਨਾਂ ਵੀ ਸ਼ਾਮਲ ਹੈ। ਉਹ ਨਾਰਮੈਂਡੀ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ ਅਤੇ ਬਾਅਦ ਵਿੱਚ ਬਰਤਾਨੀਆ ਦੇ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਕਾਰਨ ਉਨ੍ਹਾਂ ਦਾ ਨਾਂ ਪਹਿਲਾਂ ਯਾਦਗਾਰ ਵਿੱਚ ਸ਼ਾਮਲ ਨਹੀਂ ਹੋ ਸਕਿਆ ਸੀ। ਉਨ੍ਹਾਂ ਦੇ ਪੁੱਤਰ ਜੌਨ ਗ੍ਰੀਨ ਨੇ ਕਿਹਾ ਕਿ ਆਪਣੇ ਪਿਤਾ ਦਾ ਨਾਂ ਯਾਦਗਾਰ 'ਤੇ ਦੇਖ ਕੇ ਉਹ ਭਾਵੁਕ ਹੋ ਗਏ। ਇਸ ਸਾਲ ਯਾਦਗਾਰੀ ਸਮਾਗਮ ਵਿੱਚ ਸਿਰਫ਼ ਛੇ ਨਾਰਮੈਂਡੀ ਸਾਬਕਾ ਫੌਜੀਆਂ ਦੀ ਹਾਜ਼ਰੀ ਦੀ ਪੁਸ਼ਟੀ ਹੋਈ ਹੈ, ਜੋ 2021 ਵਿੱਚ ਯਾਦਗਾਰ ਖੁੱਲ੍ਹਣ ਤੋਂ ਬਾਅਦ ਸਭ ਤੋਂ ਘੱਟ ਗਿਣਤੀ ਹੈ।

ਸਮਾਗਮ ਦੌਰਾਨ ਫਰਾਂਸੀਸੀ ਸਕੂਲੀ ਬੱਚਿਆਂ, ਬ੍ਰਿਟਿਸ਼ ਫੌਜ ਦੇ ਜਵਾਨਾਂ ਅਤੇ ਜੈਡਬਰਗ ਪਾਈਪ ਬੈਂਡ ਨੇ ਵੀ ਸ਼ਿਰਕਤ ਕੀਤੀ। ਬਰਤਾਨੀਆ ਦੇ ਰੱਖਿਆ ਮੰਤਰੀ ਜੌਨ ਹੀਲੀ ਨੇ ਬ੍ਰਿਟਿਸ਼ ਨਾਰਮੈਂਡੀ ਮੈਮੋਰੀਅਲ 'ਤੇ ਪੁਸ਼ਪ ਚੱਕਰ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

# ਕੋਰਟ ਵੱਲੋਂ ਸੰਦੀਪ ਕੌੜਾ ਦੀ ਜਮਾਨਤ ਅਰਜੀ ਰੱਦ



**ਨਵਾਂਸ਼ਹਿਰ 6 ਜੂਨ ( ਜਤਿੰਦਰ ਪਾਲ ਸਿੰਘ ਕਲੇਰ )** ਐਨ ਐਸ ਡੀ ਸੀ ਭ੍ਰਿਸ਼ਟਾਚਾਰ ਘੋਟਾਲੇ ਵਿੱਚ ਫੰਡਾਂ ਦੇ ਦੁਰਉਪਯੋਗ ਬਾਰੇ ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ ਪੰਜਾਬ ਦੀ ਮੈਨੇਜਮੈਂਟ ਵੱਲੋਂ ਦਿੱਤੀ ਗਈ ਸ਼ਿਕਾਇਤ ਅਨੁਸਾਰ ਜਿਲ੍ਹਾ ਨਵਾਂਸ਼ਹਿਰ ਪੁਲਿਸ ਵੱਲੋਂ ਧਾਰਾ 316(4),318(4) ਵਿੱਚ ਜੋ ਮਾਮਲਾ ਸੰਦੀਪ ਸਿੰਘ ਕੌੜਾ ਦੇ ਖਿਲਾਫ ਦਰਜ ਕੀਤਾ ਗਿਆ ਸੀ । ਜਿਸ ਵਿੱਚ ਐਨ ਐਸ ਡੀ ਸੀ ਦੇ ਫੰਡ ਜੋ ਗਰੀਬ ਅਤੇ ਮਜਲੂਮ ਬੱਚਿਆਂ ਦੀ ਸਿੱਖਿਆ ਨਾ਼ਲ ਸਬੰਧਿਤ ਹਨ ਦਾ ਦੁਰਉਪਯੋਗ ਕੀਤਾ ਗਿਆ ਸੀ । ਸ਼ਿਕਾਇਤ ਕਰਤਾ ਪੱਖ ਦੇ ਵਕੀਲ ਕਰਨੇਸ਼ ਕੇਹਰ ਨੇ ਦੱਸਿਆ ਕਿ ਇਸ ਸਬੰਧੀ ਸੰਦੀਪ ਕੌੜਾ ਨੇ ਜਿਲ੍ਹਾ ਅਤੇ ਸੈਸ਼ਨ ਜੱਜ ਨਵਾਂਸ਼ਹਿਰ ਦੀ ਅਦਾਲਤ ਵਿਖ਼ੇ ਅਗਰਿਮ ਜਮਾਨਤ ਦੀ ਅਰਜੀ ਲਾਈ ਸੀ, ਪਰੰਤੂ ਐਨ ਐਸ ਡੀ ਸੀ ਅਤੇ ਅਰੋਪਾਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਦਾਲਤ ਨੇ ਇਹ ਜਮਾਨਤ ਅਰਜੀ ਰੱਦ ਕਰ ਦਿੱਤੀ ਹੈ।

# ਪੇਂਡੂ ਮਜ਼ਦੂਰ ਯੂਨੀਅਨ ਨੇ ਚਿੱਟੇ ਦੇ ਖਿਲਾਫ ਲੋਕਾ ਨੂੰ ਲਾਮਬੰਦ ਕੀਤਾ



**ਰਾਏਕੋਟ/ਹਠੂਰ,6,ਜੂਨ-- ਗੁਰਭਿੰਦਰ ਗੁਰੀ**-ਚਿੱਟੇ ਦੇ ਖਿਲਾਫ ਅੱਜ ਪੇਂਡੂ ਮਜਦੂਰ ਯੂਨੀਅਨ ਦੇ ਜਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਪਿੰਡ ਮੱਲ੍ਹਾ,ਰਸੂਲਪੁਰ,ਲੱਖਾ ਅਤੇ ਮਾਣੂੰਕੇ ਵਿਖੇ ਮੀਟਿੰਗਾ ਕੀਤੀਆ ਗਈਆ।ਇਸ ਮੌਕੇ ਮੀਟਿੰਗਾ ਨੂੰ ਸੰਬੋਧਨ ਕਰਦਿਆ ਤਰਕਸੀਲ ਆਗੂ ਗੁਰਮੀਤ ਸਿੰਘ ਮੱਲ੍ਹਾ ਅਤੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਨੇ ਕਿਹਾ ਕਿ ਚਿੱਟੇ ਦਾ ਭਿਆਨਕ ਨਸ਼ਾ ਨੌਜਵਾਨਾ ਨੂੰ ਲਗਾਤਾਰ ਆਪਣੀ ਲਪੇਟ ਵਿੱਚ ਲੈ ਕੇ ਮੌਤ ਦੇ ਰਸਤੇ ਲਿਜਾ ਰਿਹਾ ਹੈ।ਉਨ੍ਹਾ ਕਿਹਾ ਚਿੱਟੇ ਦੇ ਕਹਿਰ ਕਾਰਨ ਨੌਜਵਾਨ ਜਿਨ੍ਹਾਂ ਆਪਣੇ ਮਾਪਿਆ ਦਾ ਸਹਾਰਾ ਬਣਨਾ ਸੀ

ਉਹੀ ਨੌਜਵਾਨ ਆਪਣੇ ਮਾਪਿਆਂ ਤੇ ਬੋਝ ਬਣ ਮਾੜੇ ਕੰਮਾਂ ਦੇ ਰਾਹ ਪੈ ਰਹੇ ਹਨ।ਉਨ੍ਹਾ ਕਿਹਾ ਕਿ ਦਲਿਤ ਮਜ਼ਦੂਰ ਤੇ ਛੋਟੀ ਕਿਸਾਨੀ ਆਦਿ ਵਰਗਾਂ ਨਾਲ ਸਬੰਧਿਤ ਚਿੱਟੇ ਦੀ ਲੱਤ ਵਿੱਚ ਫਸੇ ਨੌਜਵਾਨ ਤਾਂ ਨਸ਼ੇ ਦੀ ਪੂਰਤੀ ਲਈ ਆਪਣੇ ਮਾਤਾ-ਪਿਤਾ ਦਾ ਮਿਹਨਤ ਨਾਲ ਬਣਾਇਆ ਘਰ ਦਾ ਕੀਮਤੀ ਸਮਾਨ ਚੋਰੀ ਕਰਕੇ ਕੋਡੀਆ ਦੇ ਭਾਅ ਵੇਚ ਦਿੰਦੇ ਹਨ, ਘਰ ਦੀ ਤਬਾਹੀ ਤੋਂ ਬਾਅਦ ਨਸ਼ਾ ਹੀ ਇਨ੍ਹਾਂ ਨਸ਼ੇੜੀਆ ਨੂੰ ਰਾਹਗੀਰਾਂ ਦੀ ਲੁੱਟ-ਖੋਹ ਤੇ ਚੋਰੀਆਂ ਕਰਨ ਦੇ ਰਾਹ ਪਾਉਂਦਾ ਹੈ ਜੋ ਆਏ ਦਿਨ ਆਪਣੇ ਮਾਂਪਿਆ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਕਰਨ ਦਾ ਜ਼ਰੀਆ ਬਣਦੇ ਹਨ।ਉਨ੍ਹਾ ਕਿਹਾ ਕਿ ਚਿੱਟੇ ਦੀ ਭਿਆਨਕ ਅੱਗ ਤੋਂ ਨੌਜਵਾਨਾ ਨੂੰ ਬਚਾਉਣ ਅਤੇ ਜਾਗਰੂਕ ਕਰਨ ਲਈ ਅੱਜ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਜ਼ਦੂਰ ਬਸਤੀਆਂ ਵਿੱਚ ਮੀਟਿੰਗਾਂ ਕਰਕੇ ਚਿੱਟੇ ਤੋਂ ਨੌਜਵਾਨੀ ਨੂੰ ਬਚਾਉਣ, ਚਿੱਟਾ ਪੀਣ ਵਾਲਿਆਂ ਦੇ ਇਲਾਜ ਅਤੇ ਚਿੱਟੇ ਕਾਰਨ ਮਰਨ ਵਾਲੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਅਤੇ ਚਿੱਟੇ ਦੇ ਭਿਆਨਕ ਨਸ਼ੇ ਤੇ ਪੂਰਨ ਰੋਕ ਲਾਉਣ ਆਦਿ ਮੰਗਾਂ ਨੂੰ ਲੈ ਕੇ ਸਮੂਹ ਲੋਕਾਂ ਨੂੰ ਇੱਕਤਰ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਐਸ ਡੀ ਐਮ ਜਗਰਾਉ ਰਾਹੀ ਮੰਗ ਪੱਤਰ ਦੇਣ ਲਈ 8 ਜੂਨ ਦਿਨ ਸੋਮਵਾਰ ਨੂੰ ਜਗਰਾਉਂ ਪਹੁੰਚਣ ਦਾ ਸੱਦਾ ਦਿੱਤਾ।ਉਨ੍ਹਾ ਕਿਹਾ ਕਿ

ਚਿੱਟੇ ਦਾ ਭਿਆਨਕ ਕਹਿਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਬਾਵਜੂਦ ਵੀ ਪਿਛਲੀਆਂ ਸਰਕਾਰਾਂ ਦੀ ਅਨੁਪਾਤ ਤੋਂ ਕਿੱਤੇ ਵੱਧ ਫ਼ੈਲ ਚੁੱਕਾ ਹੈ।ਉਨ੍ਹਾਂ ਕਿਹਾ ਕਿ ਇਸ ਭਿਆਨਕ ਨਸ਼ੇ ਵਿਰੁੱਧ ਆਮ ਲੋਕਾਂ ਨੂੰ ਨਾਲ ਲੈ ਕੇ ਲੰਬੇ ਸੰਘਰਸ਼ ਕਰਨ ਦੀ ਅਹਿਮ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਇਸ ਭਿਆਨਕ ਨਸ਼ੇ ਨੂੰ ਸਾਜ਼ਿਸ਼ ਤਹਿਤ ਫੈਲਾਇਆ ਜਾ ਰਿਹਾ ਹੈ ਤਾਂ ਕਿ ਨੌਜਵਾਨ ਪੀੜ੍ਹੀ ਜਾਗ੍ਰਿਤ ਹੋ ਕੇ ਹੱਕਾਂ ਲਈ ਆਵਾਜ਼ ਬੁਲੰਦ ਨਾ ਕਰ ਸਕੇ।ਇਸ ਨਸ਼ੇ ਦੀ ਮਾਰ ਨੌਜਵਾਨੀ ਤੇ ਹੀ ਪੈ ਰਹੀ ਹੈ। ਉਚ,ਮੱਧ, ਅਤੇ ਅੱਤ ਗਰੀਬ ਵਰਗ ਤੱਕ ਦੇ ਨੌਜਵਾਨਾਂ ਨੂੰ ਚਿੱਟਾ ਨਿਗਲ ਗਿਆ ਹੈ।ਉਨ੍ਹਾਂ ਕਿਹਾ ਕਿ ਚਿੱਟੇ ਦੇ ਕਹਿਰ ਵਿਰੁੱਧ ਇੱਕ ਵਿਸ਼ਾਲ ਜਨਤਕ ਲਹਿਰ ਦੀ ਜ਼ਰੂਰਤ ਹੈ ਤਾਂ ਕਿ ਆਮ ਲੋਕ ਅਤੇ ਚਿੱਟੇ ਤੋਂ ਪੀੜ੍ਹਤ ਪਰਿਵਾਰ ਚਿੱਟਾ ਮਾਫੀਆ ਦੀ ਦਹਿਸ਼ਤ ਤੋਂ ਮੁਕਤ ਹੋ ਕੇ ਇਸ ਦਾ ਵਿਰੋਧ ਕਰ ਸਕਣ।ਉਨ੍ਹਾ ਕਿਹਾ ਕਿ ਨਸ਼ਿਆਂ ਦਾ ਮੁੱਖ ਕਾਰਨ ਬੇਚੈਨੀ ਹੈ,ਬੇਚੈਨੀ ਬੇਰੁਜ਼ਗਾਰੀ ਦੀ ਦੇਣ ਹੈ।ਇਸ ਲਈ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ। ਚਿੱਟਾ ਦਾ ਖ਼ਤਰਨਾਕ ਪਰਕੋਪ ਵੱਧਣਾ ਸਰਕਾਰ ਦੀ ਨਲਾਇਕੀ ਹੈ,ਇਸ ਲਈ ਚਿੱਟੇ ਕਾਰਨ ਜਾਨਾ ਗਵਾਉਣ ਵਾਲੇ ਨੌਜਵਾਨਾਂ ਦੇ ਪੀੜ੍ਹਤ ਪਰਿਵਾਰਾਂ ਨੂੰ ਸਰਕਾਰ 10-10 ਲੱਖ ਰੁਪਏ ਦਾ ਮੁਆਵਜ਼ਾ ਅਤੇ ਰੁਜ਼ਗਾਰ ਦਾ ਪ੍ਰਬੰਧ ਕਰੇ।ਉਨ੍ਹਾਂ 8 ਜੂਨ ਦਿਨ ਸੋਮਵਾਰ ਨੂੰ ਇਸ ਸਬੰਧੀ ਮੰਗ ਪੱਤਰ ਦੇਣ ਲਈ ਸਵੇਰੇ 11 ਵਜੇ ਜਗਰਾਉਂ ਬੱਸ ਸਟੈਂਡ ਇਕੱਤਰਤ ਹੋਣ ਦਾ ਸੱਦਾ ਦਿੱਤਾ।ਇਸ ਮੌਕੇ ਗੁਰਮੀਤ ਸਿੰਘ ਮੱਲ੍ਹਾ, ਡਾਕਟਰ ਪਾਲੀ ਸਿੰਘ,ਪ੍ਰਧਾਨ ਗੁਰਪ੍ਰੀਤ ਸਿੰਘ ਖਾਲਸਾ,ਸੇਵਕ ਸਿੰਘ ਖਾਲਸਾ,ਇੰਦਰਪਾਲ ਸਿੰਘ,ਸਾਬਕਾ ਪੰਚ ਪਰਮਜੀਤ ਸਿੰਘ,ਜੋਗਿੰਦਰ ਸਿੰਘ, ਨਿਰਮਲ ਸਿੰਘ, ਜਗਤਾਰ ਸਿੰਘ,ਲਖਵੀਰ ਸਿੰਘ ਜਨਾਗਲ,ਕਾਕਾ ਸਿੰਘ,ਪ੍ਰੀਤਮ ਸਿੰਘ,ਚਮਕੌਰ ਸਿੰਘ ਆਦਿ ਹਾਜ਼ਰ ਸਨ।

# ਤੂੰ ਸਾਨੂੰ ਕਾਕਰੋਚ ਨਾ ਜਾਣੀਂ



ਸਮੇਂ ਦੀਏ ਸੁਣ ਸਰਕਾਰੇ ਨੀ ,
ਅਸੀਂ ਹਾਂ ਬੇਰੁਜ਼ਗਾਰ ਪ੍ਰਾਣੀ ।
ਸਾਡਾ ਪੜ੍ਹ ਇਤਿਹਾਸ ਲਈਂ ,
ਅਸੀਂ ਹਾਂ ਸਿਰਲੱਥਾਂ ਦੀ ਢਾਣੀ।
ਮੂੰਹ ਤਾਂ ਜਮਦੀਆਂ ਸੂਲਾਂ ਦੇ ,
ਤਿੱਖੇ ਹੋਣ ਸਿਆਣੇ ਕਹਿੰਦੇ ;
ਅਸੀਂ ਹਾਂ ਉਡਣੇਂ ਬਾਜ ਕੁੜੇ ,
ਤੂੰ ਸਾਨੂੰ ਕਾਕਰੋਚ ਨਾ ਜਾਣੀਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## "ਡਾਂਗਾਂ ਨਾਲ਼ ਦਬਾ ਨਹੀਂ ਸਕਦੇ"

ਜਿੰਨੀਆਂ ਵੀ ਸਰਕਾਰਾਂ ਆਉਂਦੀਆਂ,
ਸਾਰੀਆਂ ਕਰਦੀਆਂ ਧੱਕਾ।
ਲਾਰੇ-ਲੱਪੇ ਲਾਈ ਰੱਖਦੀਆਂ,
ਤੋੜਦੀਆਂ ਨਹੀਂ ਡੱਕਾ।
ਜੇ ਹੱਕਾਂ ਖ਼ਾਤਰ ਧਰਨਾ ਲਾਈਏ,
ਦੱਸਦੇ ਨੇ ਗ਼ਦਾਰ।
ਡਾਂਗਾਂ ਨਾਲ਼ ਦਬਾ ਨਹੀਂ ਸਕਦੇ,
ਦੇਣਾ ਪਊ ਰੁਜ਼ਗਾਰ।
ਮੁਸ਼ਕਲਾਂ ਨਾਲ ਪੜ੍ਹਾਇਆ ਮਾਪਿਆਂ,
ਲੱਖਾਂ ਦੁਖੜੇ ਸਹਿ-ਸਹਿ ਕੇ।
ਰੀਝਾਂ ਸਾਡੀਆਂ ਪੂਰੀਆਂ ਕੀਤੀਆਂ,
ਉਹਨਾਂ ਭੁੱਖੇ ਰਹਿ-ਰਹਿ ਕੇ।
ਭਲਾ ਕਰੂਗਾ ਬੱਚਿਆਂ ਉੱਤੇ ਰੱਬ,
ਰੱਖੀਂ ਸੁੱਖੀਂ ਕਰਤਾਰ।
ਡਾਂਗਾਂ ਨਾਲ਼ ਦਬਾ ਨਹੀਂ ਸਕਦੇ,
ਦੇਣਾ ਪਊ ਰੁਜ਼ਗਾਰ।
ਡਿਗਰੀਆਂ ਦੇ ਗੱਠੇ ਚੁੱਕੀ ਫਿਰਦੇ,
ਦਰ-ਦਰ ਧੱਕੇ ਖਾਈਏ।
ਫਾਰਮ ਭਰਦੇ ਉਮਰ ਲੰਘ ਜਾਂਦੀ,
ਨੌਕਰੀ ਕਿਧਰੇ ਨਾ ਪਾਈਏ।
ਭੁੱਖੇ ਪੇਟ ਨਾ ਸੌਂਦੇ ਜਜ਼ਬੇ,
ਕਰਦੇ ਸਦਾ ਲਲਕਾਰ।
ਡਾਂਗਾਂ ਨਾਲ਼ ਦਬਾ ਨਹੀਂ ਸਕਦੇ,
ਦੇਣਾ ਪਊ ਰੁਜ਼ਗਾਰ।
ਗੁਰਮੀਤ ਡੁਮਾਣੇ ਵਾਲਿਆ ਤੈਨੂੰ,
ਬਾਰ-ਬਾਰ ਨਹੀਂ ਕਹਿਣਾ।
ਤੈਨੂੰ ਵੀ ਕੁਰਸੀ ਛੱਡਣੀ ਪੈਣੀ,
ਬੈਠਾ ਸਦਾ ਨਹੀਂ ਰਹਿਣਾ।
ਦੂਜਿਆਂ ਵਾਂਗ ਭਜਾਉਣਗੇ ਤੈਨੂੰ,
ਗੱਭਰੂ ਬੇਰੁਜ਼ਗਾਰ।
ਡਾਂਗਾਂ ਨਾਲ਼ ਦਬਾ ਨਹੀਂ ਸਕਦੇ,
ਦੇਣਾ ਪਊ ਰੁਜ਼ਗਾਰ।



**ਗੁਰਮੀਤ ਡੁਮਾਣਾ**
**ਲੋਹੀਆਂ ਖ਼ਾਸ, ਜਲੰਧਰ**

# ਹੰਝੂ ਹੀ ਸੀ

ਸੱਜਣਾਂ ਆਪਾਂ ਦੋ ਹੁੰਦੇ ਜੇ
ਸਭ ਜਜ਼ਬਾਤ ਲਕੋ ਹੁੰਦੇ ਜੇ
ਮੈਂ ਤੇਰਾ ਪਰਛਾਂਵਾਂ ਹੁੰਦਾ
ਨਾਂਵੇਂ ਦਾ ਸਿਰਨਾਵਾਂ ਹੁੰਦਾ
ਤੇਰੀ ਪੀੜ ਮੇਰੇ ਤੋਂ ਡਰਦੀ
ਜ਼ਖ਼ਮ ਮੇਰੇ ਦੀ ਹਾਮੀ ਭਰਦੀ
ਤੇਰੀ ਅੱਖ ਦੇ ਰੋਣ ਤੋਂ ਪਹਿਲਾਂ
ਅੱਖਰਾਂ ਵਿੱਚ ਪਰੋਣ ਤੋਂ ਪਹਿਲਾਂ
ਹੰਝੂ ਮੇਰੀ ਤਲੀਏ ਕਿਰਦਾ
ਪੂਰਾ ਹੁੰਦਾ ਵਾਅਦਾ ਚਿਰ ਦਾ
ਸਾਡਾ ਸਾਂਝਾ ਘਰ ਹੋਣਾ ਸੀ
ਨਾਲ਼ ਮੁਹੱਬਤ ਭਰ ਹੋਣਾ ਸੀ
ਰਾਤ ਦੀ ਰਾਣੀ ਅਰਗ ਚੜ੍ਹਾਉਂਦੀ
ਤਾਰਾ ਤੇਰੇ ਮੱਥੇ ਲਾਉਂਦੀ
ਐਪਰ ਭਾਗ 'ਚ ਲਿਖੀਆਂ ਥੋੜਾਂ
ਊਣੇ ਭਾਂਡੇ ਵੱਡੀਆਂ ਲੋੜਾਂ
ਇੱਕੋ ਰੂਹ ਤੇ ਜਾਨ ਵੀ ਇੱਕੋ
ਇੱਕੋ ਜਿੰਦ, ਜਹਾਨ ਵੀ ਇੱਕੋ
ਕਈ ਦਿਨਾਂ ਦਾ ਦਿਲ ਸੀ ਡਰਿਆ
ਕਿਉਂਕਰ ਨਹੀਂ ਤੂੰ ਚੇਤੇ ਕਰਿਆ
ਦਿਲ ਕਹਿੰਦਾ ਉਹ ਭੁੱਲ ਗਿਆ
ਹੋਣਾ
ਹੰਝੂ ਹੀ ਸੀ ਡੁੱਲ੍ਹ ਗਿਆ ਹੋਣਾ
ਰਾਤੀਂ ਮੈਨੂੰ ਸੁਪਨਾ ਆਇਆ
ਵਲੀ ਕਿਸੇ ਬੂਹਾ ਖੜਕਾਇਆ
ਤੇਰੇ ਘੱਲੇ ਖ਼ਤ ਵੀ ਆਏ
ਜਿਹੜੇ ਤੂੰ ਮੈਨੂੰ ਨਹੀਂ ਪਾਏ
ਤੂੰ ਵਿੱਛੜਿਆ ਜਿਹੜੀ ਰੁੱਤੇ
ਬੋਲ ਮੇਰੇ ਓਦੋਂ ਦੇ ਸੁੱਤੇ
ਧਰਤੀ ਨੇ ਨੈਣਾਂ ਨੂੰ ਭਰਿਆ
ਤਾਂ ਅੰਬਰ ਨੇ ਚੇਤੇ ਕਰਿਆ
ਸਾਹ ਦਰਵੇਸ਼ਾ ਰੁਕ ਜਾਂਦਾ ਜੇ
ਤੈਥੋਂ ਪਹਿਲਾਂ ਮੁੱਕ ਜਾਂਦਾ ਜੇ
ਕਿੱਥੇ ਨਗਰ ਉਸਾਰ ਲਿਆ ਸੀ
ਬੰਦਾ ਮਨੋਂ ਵਿਸਾਰ ਲਿਆ ਸੀ
ਹਿਜਰ ਨੇ ਕੀਤੀ ਰਾਖੀ ਸਾਡੀ
ਦੱਸ ਜਰਾ ਗੁਸਤਾਖੀ ਸਾਡੀ
ਆਪਣੇ ਜਦੋਂ ਬੇਗ਼ਾਨੇ ਹੁੰਦੇ
ਨਿਭਦੇ ਨਹੀਂ ਯਾਰਾਨੇ ਹੁੰਦੇ
ਤੈਨੂੰ ਸਾਡੀ ਚੁੱਪ ਪਸੰਦ ਸੀ
ਕਵਿਤਾਵਾਂ ਦਾ ਬੂਹਾ ਬੰਦ ਸੀ



**ਰਿਤੂ ਵਾਸੂਦੇਵ**

# ਸੱਚ 'ਕੱਲਾ ਰਹਿ ਗਿਆ...

ਝੂਠਿਆਂ ਦਾ ਝੂਠ, ਵੇਖਕੇ ਅਵੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕਲਯੁਗ ਵਿੱਚ ਝੂਠ ਹੋਇਆ ਪ੍ਰਧਾਨ ਏ
ਝੂਠੇ ਦਾ ਹੀ ਬੋਲਬਾਲਾ ਝੂਠਾ ਹੀ ਮਹਾਨ ਏ
ਸੱਚ ਲਈ ਮੈਂ ਯਾਰੋ ਅੱਡਦਾ ਈ ਪੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕਰਦਾ ਸੀ ਮਾਣ ਬੜਾ ਆਪਣੇ ਮੈਂ ਸੱਚ 'ਤੇ
ਇੰਝ ਲੱਗੇ ਧਰ ਦਿੱਤਾ ਪੈਰ ਟੁੱਟੇ ਕੱਚ 'ਤੇ
ਸੱਚ ਸਮਝਾਉਂਦਾ ਮਾਰਦਾ ਹੀ ਹੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਸੱਚੀਆਂ ਸੁਣਾ ਕੇ ਵੈਰ ਝੂਠਿਆਂ ਨਾ' ਪਾ ਲਿਆ
ਝੂਠਿਆਂ ਨੇ ਸੱਚ ਨੂੰ ਹੀ, ਝੂਠ ਮੰਨਵਾ ਲਿਆ
ਸੁਣੇ ਨਾ ਕੋਈ ਸੱਚ ਬਣਕੇ ਮੈਂ ਝੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕੌੜਾ ਹੁੰਦਾ ਸੱਚ ਨਾਲੇ, ਚੁੱਭੇ ਵਾਂਗ ਕੱਚ ਦੇ
ਤਾਹੀਓਂ ਚੰਗੇ ਲੱਗਦੇ ਨਹੀਂ ਬੋਲ "ਖੁਸ਼ੀ" ਸੱਚ ਦੇ
ਸੱਚ ਤਾਂ ਜੀ ਅੱਲ੍ਹਾ ਅੱਲ੍ਹਾ, ਖ਼ੈਰ ਸੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ



**..ਖੁਸ਼ੀ ਮੁਹੰਮਦ "ਚੱਠਾ"**

# ਵਰ੍ਹੇਗੰਢ ਮੁਬਾਰਕ



**ਜੁਪਿੰਦਰ ਸਿੰਘ ਅਤੇ ਜੈਸਮੀਨ ਕੌਰ**
**ਬਰਨਾਲਾ ਨੂੰ ਵਿਆਹ ਦੀ**
**ਵਰ੍ਹੇਗੰਢ ਮੁਬਾਰਕ**

# ਜਨਮਦਿਨ ਮੁਬਾਰਕ



**ਮਨਰਾਜ ਸਿੰਘ ਅਰੋੜਾ**
**ਪਿਤਾ ਜਸਮੀਤ ਸਿੰਘ ਖਾਲਸਾ**
**ਮਾਤਾ ਹਰਮਨ ਕੌਰ**
**ਬਰਨਾਲਾ।**

# ਛੱਲੀਆਂ ਵਾਂਗ ਕੁੱਟ ਕੇ ਮੁਗਲ ਰਾਜ ਦੀ ਯਾਦ ਦਿਵਾ ਰਹੀ ਹੈ ਮਾਨ ਸਰਕਾਰ : ਬੇਗਮਪੁਰਾ ਟਾਈਗਰ ਫੋਰਸ

## ਪ੍ਰਦਰਸ਼ਨ ਕਰ ਰਹੇ ਲਾਈਨਮੈਂਨਾਂ ਨੂੰ ਜਾਨਵਰਾਂ ਵਾਂਗ ਕੁੱਟਣ ਵਾਲੇ ਡੀਐਸਪੀ ਸਿੰਗਲਾ ਨੂੰ ਤੁਰੰਤ ਡਿਸਮਿਸ ਕੀਤਾ ਜਾਵੇ : ਬੀਰਪਾਲ,ਨੇਕੂ,ਹੈਪੀ,ਬੰਟੀ

**ਹੁਸ਼ਿਆਰਪੁਰ 6 ਜੂਨ ( ਤਰਸੇਮ ਦੀਵਾਨਾ )** ਪੰਜਾਬ ਵਿੱਚ ਬਦਲਾਅ ਦੇ ਨਾਮ 'ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਆਪਣੇ ਅਸਲੀ ਅਤੇ ਬੇਰਹਿਮ ਚਿਹਰੇ ਨਾਲ ਲੋਕਾਂ ਸਾਹ-ਮਣੇ ਨੰਗੀ ਹੋ ਚੁੱਕੀ ਹੈ।ਪੀ.ਐੱਸ.ਪੀ.ਸੀ.ਐੱਲ. (ਫਸ਼ਫਛ਼ਲ) ਦਫ਼ਤਰ ਦੇ ਬਾਹਰ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਅਪ੍ਰੈਂਟਿਸ ਲਾਈਨਮੈਂਨਾਂ 'ਤੇ ਪੁਲਿਸ ਵੱਲੋਂ ਕੀਤਾ ਗਿਆ ਬੇਰਹਿਮ ਲਾਠੀਚਾਰਜ ਬੇਹੱਦ ਨਿੰਦਣਯੋਗ ਅਤੇ ਸ਼ਰਮਨਾਕ ਹੈ। ਇਹਨਾ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਨਿਧੱੜਕ ਅਤੇ ਜਾਵਾਜ਼ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੁਆਬਾ ਪ੍ਰਧਾਨ ਨੇਕੂ ਅਜਨੋਹਾ, ਜਿਲਾ ਪ੍ਰਧਾਨ ਹੈਪੀ ਫਤਿਹਗੜ, ਅਤੇ ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ 84 ਤੋਂ ਨੇ ਸਾਂਝੇ ਰੂਪ ਵਿੱਚ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਸੰਖੇਪ ਜਿਹੀ ਪ੍ਰੈਸ ਵਾਰਤਾ ਦੌਰਾਨ ਕੀਤਾ ! ਫੋਰਸ ਦੇ ਆਗੂਆਂ ਨੇ ਆਖਿਆ ਕਿ ਜਿਹੜੀ ਆਮ ਆਦਮੀ ਪਾਰਟੀ ਖੁਦ ਧਰਨਿਆਂ ਅਤੇ ਮੁਜ਼ਾਹਰਿਆਂ ਵਿੱਚੋਂ ਨਿਕਲ ਕੇ ਸੱਤਾ ਤੱਕ ਪਹੁੰਚੀ ਸੀ, ਅੱਜ ਉਸੇ ਪਾਰਟੀ ਦਾ ਅਸਲੀ ਚਿਹਰਾ ਪੰਜਾਬ ਦੇ ਲੋਕਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਸਾਹਮਣੇ ਆ ਚੁੱਕਾ ਹੈ। ਹੱਕ ਮੰਗਦੇ ਨੌਜਵਾਨਾਂ ਨੂੰ ਛੱਲੀਆਂ ਵਾਂਗ ਕੁੱਟ ਕੇ 'ਆਪ' ਸਰਕਾਰ ਨੇ ਪੁਰਾਣੇ ਮੁਗਲ ਰਾਜ ਦੇ ਜ਼ੁਲਮਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਉਹਨਾਂ ਕਿਹਾ ਕਿ ਡੀਐਸਪੀ ਸੰਜੀਵ ਸਿੰਗਲਾ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਜਾਨਵਰਾਂ ਦੀ ਤਰ੍ਹਾਂ ਕੁੱਟਿਆ ਗਿਆ ਉਹਨਾਂ ਮੰਗ ਕੀਤੀ ਕਿ ਡੀਐਸਪੀ ਸੰਜੀਵ ਸਿੰਗਲਾ ਨੂੰ ਤੁਰੰਤ ਪ੍ਰਭਾਵ ਵਿੱਚ ਆ ਕੇ ਡਿਸਮਿਸ ਕੀਤਾ ਜਾਵੇ ।



ਉਹਨਾਂ ਕਿਹਾ ਕਿ "ਜ਼ੁਲਮ ਦੀ ਵੀ ਹੱਦ ਹੁੰਦੀ ਹੈ, ਅਤੇ ਇਸ ਬਦਲਾਅ ਦੇ ਨਾਮ 'ਤੇ ਹੋ ਰਹੇ ਜ਼ੁਲਮ ਦਾ ਬਦਲਾ ਫੇਰ ਪਬਲਿਕ ਹੀ ਲੈਂਦੀ ਹੈ ਤੇ ਪਬਲਿਕ ਹੀ ਲਏਗੀ । ਬੇਗਮਪੁਰਾ ਟਾਈਗਰ ਫੋਰਸ ਨੇ ਪੀੜਤ ਮੁਲਾਜ਼ਮਾਂ ਅਤੇ ਨੌਜਵਾਨਾਂ ਨੂੰ ਪੂਰਾ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਫੋਰਸ ਉਨ੍ਹਾਂ ਦੀ ਆਵਾਜ਼ ਨੂੰ ਕਿਸੇ ਵੀ ਕੀਮਤ 'ਤੇ ਦੱਬਣ ਨਹੀਂ ਦੇਵੇਗੀ। ਫੋਰਸ ਨੌਜਵਾਨਾਂ ਦੇ ਹੱਕਾਂ ਦੀ ਲੜਾਈ ਵਿੱਚ ਉਨ੍ਹਾਂ ਦੇ ਪਿੱਛੇ ਚਟਾਨ ਵਾਂਗ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਹਮੇਸ਼ਾ ਖੜ੍ਹੀ ਰਹੇਗੀ। ਫੋਰਸ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਅਤੇ ਧੱਕੇਸ਼ਾਹੀ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕੇ ਹਨ। ਇਸ ਬੇਰਹਿਮੀ ਦਾ ਜਵਾਬ ਪੰਜਾਬ ਦੀ ਜਨਤਾ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਵੇਗੀ ਅਤੇ 'ਆਪ' ਦੇ ਲੀਡਰਾਂ ਨੂੰ ਮੂੰਹ ਨਹੀਂ ਲਾਵੇਗੀ।

# ਪੰਜਾਬ ਸਰਕਾਰ ਵੱਲੋਂ ਉਸਾਰੀ ਕਿਰਤੀਆਂ ਲਈ ਕੀਤੇ ਗਏ ਨਵੇਂ ਐਲਾਨ

## ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨ ਲਾਈਨ ਪੋਰਟਲ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ - ਬਲਦੇਵ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਵਲੋਂ ਉਸਾਰੀ ਕਿਰਤੀਆਂ ਲਈ ਵੱਡੇ ਫ਼ੈਸਲੇ ਲਏ ਗਏ ਹਨ। ਜਿਸ ਵਿੱਚ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਲਈ ਪੰਜਾਬ ਵਿਚ ਵਿਆਪਕ ਮੁਹਿੰਮ ਚਲਾਉਣ ਅਤੇ ਕਿਰਤੀਆਂ ਲਈ ਰਜਿਸਟ੍ਰੇਸ਼ਨ ਫੀਸ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਰਜਿਸਟ੍ਰੇਸ਼ਨ ਫੀਸ ਪੰਜਾਬ ਸਰਕਾਰ ਭਰੇਗੀ ਅਤੇ ਰਜਿਸਟ੍ਰੇਸ਼ਨ ਮੌਕੇ ਕਿਸੇ ਵੀ ਕਿਰਤੀ ਤੋਂ ਫੀਸ ਨਹੀਂ ਲਈ ਜਾਵੇਗੀ। ਇਸ ਨਵੀਂ ਮੁਹਿੰਮ ਤਹਿਤ 10 ਲੱਖ ਉਸਾਰੀ ਕਾਮਿਆਂ ਦੇ ਰਜਿਸਟਰ ਹੋਣ ਦਾ ਅਨੁਮਾਨ ਹੈ ਅਤੇ ਰਜਿਸਟ੍ਰੇਸ਼ਨ ਫੀਸ ਦੇ ਕਰੀਬ 15 ਕਰੋੜ ਰੁਪਏ ਪੰਜਾਬ ਸਰਕਾਰ ਭਰੇਗੀ। ਮੁੱਖ ਮੰਤਰੀ ਵਲੋਂ ਰਜਿਸਟ੍ਰੇਸ਼ਨ ਲਈ ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਾਉਣ ਦੇ ਹੁਕਮ ਦਿੱਤੇ ਗਏ ਹਨ। ਇਸ ਤੋਂ ਇਲਾਵਾ ਲੇਬਰ ਚੌਕਾਂ ਵਿਚ ਕਿਰਤੀਆਂ ਲਈ ਸ਼ੈੱਡ ਅਤੇ ਪੀਣ ਵਾਲੇ ਪਾਣੀ ਦੀ ਸਹੂਲਤ ਦੇਣ ਦੇ ਆਦੇਸ਼ ਦਿੱਤੇ ਗਏ। ਭਲਾਈ ਸਕੀਮਾਂ ਲਈ ਉਸਾਰੀਆਂ ਕਿਰਤੀਆਂ ਦੀ ਅਰਜ਼ੀ ਦੀ ਪ੍ਰਸੈਸਿੰਗ ਦਾ ਸਮਾਂ 203 ਦਿਨ ਤੋਂ ਘਟਾ ਕੇ 73 ਦਿਨ ਕੀਤਾ ਗਿਆ ਹੈ। ਇਸ ਨਾਲ ਕਿਰਤੀਆਂ ਨੂੰ ਭਲਾਈ ਸਕੀਮਾਂ ਦੇ ਛੇਤੀ ਲਾਭ ਮਿਲੇਗਾ। ਇਸ ਦੇ ਨਾਲ ਇਹ



ਵੀ ਕਿਹਾ ਗਿਆ ਹੈ ਕਿ ਮਹਿਲਾ ਉਸਾਰੀ ਕਿਰਤੀਆਂ ਨੂੰ ਵੀ 'ਮਾਵਾਂ ਧੀਆਂ ਸਤਿਕ-ਾਰ ਯੋਜਨਾ' ਦਾ ਲਾਭ ਮਿਲੇਗਾ। ਉੱਧਰ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਸਿਰਫ਼ ਦੇਖਣ ਸੁਣਨ ਨੂੰ ਹੀ ਚੰਗਾ ਲੱਗਦਾ ਹੈ ਪਰ ਜਮੀਨੀ ਹਕੀਕਤ ਇਹ ਹੈ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨ ਲਾਈਨ ਪੋਰਟਲ ਦੀਆਂ ਵੱਡੀਆਂ ਕਮੀਆਂ ਕਾਰਨ ਵੈਬਸਾਈਟ ਅਕਸਰ ਬੰਦ ਰਹਿੰਦੀ ਹੈ। ਜਿਸ ਕਾਰਨ ਪੰਜਾਬ ਭਰ ਦੇ ਉਸਾਰੀ ਕਿਰਤੀ ਬਹੁਤ ਨਿਰਾਸ਼ ਹਨ। ਬਲਦੇਵ ਭਾਰਤੀ ਨੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਉਕਤ ਐਲਾਨਾਂ ਅਤੇ ਪ੍ਰੋਗਰਾਮਾਂ ਨੂੰ ਜਨ ਹਿੱਤ ਅਮਲੀ ਰੂਪ ਦੇਣ ਲਈ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਇਸ ਆਨ ਲਾਈਨ ਪੋਰਟਲ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ।

# ਦਲ ਹਿੰਦੋਸਤਾਨ ਵੱਲੋਂ ਆਪ੍ਰੇਸ਼ਨ ਬਲੂ-ਸਟਾਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ , ਨਸ਼ਿਆਂ ਦੇ ਖਿਲਾਫ ਅਤੇ ਧਰਮ ਦੇ ਕੰਮਾਂ ਲਈ ਨੌਜਵਾਨਾਂ ਨੂੰ ਕੀਤਾ ਪ੍ਰੇਰਿਤ : ਮਾਹਿਲਪੁਰੀ,ਬੂਥਗੜ੍ਹ

**ਹੁਸ਼ਿਆਰਪੁਰ 6 ਜੂਨ (ਤਰਸੇਮ ਦੀਵਾਨਾ)** - ਬਜਰੰਗ ਦਲ ਹਿੰਦੋਸਤਾਨ ਦੀ ਟੀਮ ਨੇ ਇੱਕਠੇ ਹੋ ਕੇ ਸ਼੍ਰੀ ਭੂਤਗਿਰੀ ਮੰਦਿਰ ਹੁਸ਼ਿਆਰਪੁਰ ਵਿਖੇ 06 ਜੂਨ 1984 ਵਿੱਚ ਆਪ੍ਰੇਸ਼ਨ ਬਲੂ-ਸਟਾਰ ਦੌਰਾਨ ਸ਼ਹੀਦ ਹੋਏ ਬੇਕਸੂਰ ਲੋਕਾਂ, ਪੁਲਿਸ ਕਰਮਚਾਰੀਆਂ, ਪੈਰਾ ਮਿਲਟਰੀ ਫੋਰਸ ਅਤੇ ਆਰਮੀ ਦੇ ਜਵਾਨਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਸਭ ਤੋਂ ਪਹਿਲਾਂ ਸ਼੍ਰੀ ਹਨੂਮਾਨ ਚਾਲੀਸਾ ਦਾ ਪਾਠ ਕੀਤਾ। ਇਸ ਉਪਰੰਤ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ ਅਤੇ ਇਸ ਆਪ੍ਰੇਸ਼ਨ ਦੌਰਾਨ ਸ਼ਹੀਦ ਹੋਏ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।
ਇਸ ਤੋਂ ਬਾਅਦ ਸੰਦੀਪ ਕੁਮਾਰ ਐਡਵੋਕੇਟ (ਰਾਸ਼ਟਰੀ ਬੁਲਾਰਾ) ਅਤੇ ਮਨਜੀਤ ਸਿੰਘ ਮਾਹਿਲਪੁਰੀ (ਰਾਸ਼ਟਰੀ ਜਨਰਲ ਸਕੱਤਰ) ਨੇ ਆਏ ਹੋਏ ਬਜਰੰਗੀਆਂ ਨੂੰ ਸੰਗਠਨ ਦੀਆਂ ਰੀਤੀਆਂ-ਨੀਤੀਆਂ ਬਾਰੇ ਵਿਸਥਾਰ ਨਾਲ



ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਸੰਗਠਨ ਨਾਲ ਜੁੜਨ ਲਈ ਅਪੀਲ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਧਰਮ ਦੇ ਕੰਮਾਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ।
ਇਸ ਤੋਂ ਬਾਅਦ ਪਰਮਜੀਤ ਸਿੰਘ ਫੌਜੀ ਬੂਥਗੜ੍ਹ (ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ) ਵੱਲੋਂ ਅੱਜ ਦੇ ਸ਼ਰਧਾਂਜਲੀ ਸਮਾਰੋਹ ਬਾਰੇ ਆਏ ਹੋਏ ਬਜਰੰਗੀਆਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਵੱਧ ਤੋਂ ਵੱਧ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਹਿੱਸਾ ਲੈਣ ਅਤੇ ਗਊ-ਗਰੀਬ ਦੀ ਰਕਸ਼ਾ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਗਿਆ।
ਇਸ ਮੌਕੇ ਜਸਵੀਰ ਮਿੰਟੂ (ਰਾਸ਼ਟਰੀ ਮੀਤ ਪ੍ਰਧਾਨ), ਦੀਪਕ ਕੁਮਾਰ (ਜ਼ਿਲ੍ਹਾ ਪ੍ਰਧਾਨ), ਲਖਵੀਰ ਕੁਮਾਰ (ਜ਼ਿਲ੍ਹਾ ਯੂਥ ਪ੍ਰਧਾਨ), ਗੌਰਵ, ਲਾਲੀ (ਗਊ ਰਕਸ਼ਾ ਵਿੰਗ ਜ਼ਿਲ੍ਹਾ ਪ੍ਰਧਾਨ), ਦਵਿੰਦਰ ਸਿੰਘ ਮਾਹਿਲਪੁਰੀ (ਜ਼ਿਲ੍ਹਾ ਵਾਈਸ ਪ੍ਰਧਾਨ), ਲਵਪ੍ਰੀਤ ਸਿੰਘ (ਜ਼ਿਲ੍ਹਾ ਮੀਤ ਪ੍ਰਧਾਨ), ਟੋਨੀ ਹਾਂਡਾ (ਸਿਟੀ ਪ੍ਰਧਾਨ), ਅਤੁਲ ਵਾਲੀਆ (ਸਿਟੀ ਵਾਈਸ ਪ੍ਰਧਾਨ), ਰਮਨ ਪਵਾਰ (ਯੁਵਾ ਨੇਤਾ), ਸਨੀ ਨੱਸਰਾ (ਦੋਆਬਾ ਪ੍ਰਧਾਨ), ਸੰਜੂ ਪਠਾਨੀਆ, ਹਲਕਾ ਚੱਬੇਵਾਲ ਪ੍ਰਧਾਨ ਅਮਨੀਤ ਸਿੰਘ, ਕਾਰਤਿਕ, ਸੌਰਵ, ਬਿਲੂ ਬੰਬੇਲੀ, ਗੌਰਵ, ਲੱਕੀ ਆਦਿ ਹਾਜ਼ਰ ਸਨ।
ਫੋਟੋ ਅਜਮੇਰ ਦੀਵਾਨਾ

# 100 ਮੀਲ ਦੀ ਰਫ਼ਤਾਰ ਨਾਲ ਦੋ ਔਰਤਾਂ ਨੂੰ ਕੁਚਲਣ ਵਾਲੇ ਡਰਾਈਵਰ ਨੂੰ 15 ਸਾਲ ਦੀ ਕੈਦ

**ਲੈਸਟਰ (ਇੰਗਲੈਂਡ), 6 ਜੂਨ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਕੈਂਟ ਇਲਾਕੇ ਦੀ ਐਮ-20 ਮੋਟਰਵੇਅ 'ਤੇ ਭਾਰੀ ਮੀਂਹ ਦੌਰਾਨ ਕਰੀਬ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਬੀ.ਐੱਮ.ਡਬਲਿਊ. ਚਲਾ ਕੇ ਐਨ.ਐਚ.ਐਸ. ਦੀ ਡਾਕਟਰ ਹਬੀਬਾ ਹਾਜਾਲੀ ਅਤੇ ਚਾਰ ਬੱਚਿਆਂ ਦੀ ਮਾਂ ਲੀਸਾ ਵੈਬਰ ਦੀ ਮੌਤ ਦਾ ਕਾਰਨ ਬਣੇ 29 ਸਾਲਾ ਬਿਲਾਲ ਤਾਹਿਰ ਨੂੰ ਓਲਡ ਬੇਲੀ ਅਦਾਲਤ ਨੇ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੂੰ ਦੱਸਿਆ ਗਿਆ ਕਿ 17 ਅਕਤੂਬਰ 2022 ਨੂੰ ਡਾ. ਹਬੀਬਾ ਦੀ ਕਾਰ ਮੀਂਹ ਕਾਰਨ ਫਿਸਲ ਕੇ ਮੋਟਰਵੇਅ ਦੇ ਬੈਰੀਅਰ ਨਾਲ ਟਕਰਾ ਗਈ ਸੀ, ਜਿਸ ਤੋਂ ਬਾਅਦ ਲੀਸਾ ਵੈਬਰ ਅਤੇ ਮਾਰਕ ਹੀਪ ਮਦਦ ਲਈ ਰੁਕੇ ਸਨ। ਇਸ ਦੌਰਾਨ ਤਾਹਿਰ ਦੀ ਤੇਜ਼ ਰਫ਼ਤਾਰ ਕਾਰ ਪਾਣੀ ਉੱਪਰ ਫਿਸਲ ਕੇ ਹਾਰਡ ਸ਼ੋਲਡਰ 'ਤੇ ਚੜ੍ਹ ਗਈ ਅਤੇ ਤਿੰਨਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਡਾ. ਹਬੀਬਾ ਅਤੇ ਲੀਸਾ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਮਾਰਕ ਹੀਪ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਤਾਹਿਰ ਹਾਦਸੇ ਤੋਂ ਪਹਿਲਾਂ 93 ਤੋਂ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ ਅਤੇ ਸ਼ੁਰੂ ਵਿੱਚ ਉਸ ਨੇ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ। ਜੱਜ ਐਂਥਨੀ ਲਿਓਨਾਰਡ ਨੇ ਕਿਹਾ ਕਿ ਮਾੜੇ ਮੌਸਮ ਵਿੱਚ ਇੰਨੀ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ ਬੇਹੱਦ ਖ਼ਤਰਨਾਕ ਅਤੇ ਗੈਰ-ਜ਼ਿੰਮੇਵਾਰਾਨਾ ਸੀ। ਅਦਾਲਤ ਨੇ ਤਾਹਿਰ ਨੂੰ 15 ਸਾਲ ਦੀ ਕੈਦ ਦੇ ਨਾਲ ਰਿਹਾਈ ਤੋਂ ਬਾਅਦ 10 ਸਾਲ ਲਈ ਡਰਾਈਵਿੰਗ ਕਰਨ ਤੋਂ ਵੀ ਅਯੋਗ ਕਰਾਰ ਦਿੱਤਾ।




ਐਮ-20 ਮੋਟਰਵੇਅ 'ਤੇ ਤੇਜ਼ ਰਫ਼ਤਾਰ ਬੀ.ਐੱਮ.ਡਬਲਿਊ. ਨਾਲ ਦੋ ਔਰਤਾਂ ਦੀ ਮੌਤ ਅਤੇ ਇਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਕਰਨ ਵਾਲਾ ਬਿਲਾਲ ਤਾਹਿਰ।ਤਸਵੀਰ:-ਸੁਖਜਿੰਦਰ ਸਿੰਘ ਢੱਡੇ





ਸੜਕ ਹਾਦਸੇ ਵਿੱਚ ਮਾਰੇ ਗਏ ਐਨ.ਐਚ.ਐਸ. ਡਾਕਟਰ ਡਾ. ਹਬੀਬਾ ਹਾਜਾਲੀ (ਉੱਪਰ) ਅਤੇ ਚਾਰ ਬੱਚਿਆਂ ਦੀ ਮਾਂ ਲੀਸਾ ਵੈਬਰ, ਜੋ ਇਕ ਅਜਨਬੀ ਦੀ ਮਦਦ ਕਰਨ ਲਈ ਰੁਕੀ ਸੀ।

# ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਅਤੇ ਲੋਕ ਮੁਸ਼ਕਿਲਾਂ ਦੇ ਹੱਲ ਲਈ ਹੋਈ ਵਿਸ਼ੇਸ਼ 'ਲੋਕ-ਮਿਲਣੀ'

## ਮੋਹਾਲੀ ਅਤੇ ਨਵਾਂਸ਼ਹਿਰ ਤੋਂ ਚੁਣੇ ਗਏ ਨਵੇਂ ਐੱਮ.ਸੀਜ਼ ਦਾ ਕੀਤਾ ਵਿਸ਼ੇਸ਼ ਸਨਮਾਨ, ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਸਮੇਤ ਪ੍ਰਮੁੱਖ ਸ਼ਖਸੀਅਤਾਂ ਰਹੀਆਂ ਮੌਜੂਦ

**ਨਵਾਂਸ਼ਹਿਰ, 6 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਵੱਲੋਂ ਇਲਾਕਿਆਂ ਦੇ ਵਿਕਾਸਕਾਰਜਾਂ ਨੂੰ ਗਤੀ ਦੇਣ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਦੇ ਮਕਸਦ ਨਾਲ ਅੱਜ ਮੋਹਾਲੀ ਵਿਖੇ ਇੱਕ ਵਿਸ਼ੇਸ਼ 'ਲੋਕ-ਮਿਲਣੀ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਲੋਕ-ਮਿਲਣੀ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਮੈਂਬਰ ਪਾਰਲੀਮੈਂਟ ਕੰਗ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ ਅਤੇ ਪੇਸ਼ ਆਉਂਦੀਆਂ ਮੁਸ਼ਕਿਲਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਸੁਣਿਆ।

ਇਸ ਮੌਕੇ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਲੋਕਾਂ ਨੇ ਆਪਣੇ ਇਲਾਕਿਆਂ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਸਾਹਮਣੇ ਰੱਖੀਆਂ। ਜਨਤਾ ਦੀਆਂ ਇਨ੍ਹਾਂ ਤਕਲੀਫ਼ਾਂ ਦਾ ਤੁਰੰਤ ਨੋਟਿਸ ਲੈਂਦਿਆਂ, ਸਬੰਧਿਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਕਿ ਲੋਕਾਂ ਦੀਆਂ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਅਤੇ ਸ਼ਿਕਾਇਤਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦ ਤੋਂ ਜਲਦ ਹੱਲ ਕੀਤਾ ਜਾਵੇ, ਤਾਂ ਜੋ ਆਮ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।



ਇਸ ਲੋਕ-ਮਿਲਣੀ ਪ੍ਰੋਗਰਾਮ ਦੌਰਾਨ ਹਲਕੇ ਅੰਦਰ ਜਮਹੂਰੀਅਤ ਨੂੰ ਹੋਰ ਮਜ਼ਬੂਤ ਕਰਨ ਵਾਲੇ ਨਵ-ਨਿਯੁਕਤ ਨੁਮਾਇੰਦਿਆਂ ਦਾ ਉਤਸ਼ਾਹ ਵੀ ਵਧਾਇਆ ਗਿਆ। ਸਮਾਗਮ ਦੌਰਾਨ ਮੋਹਾਲੀ ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਤੋਂ ਹਾਲ ਹੀ ਵਿੱਚ ਚੁਣ ਕੇ ਆਏ ਨਵੇਂ ਐੱਮ.ਸੀ. (ਕੌਂਸਲਰ) ਸਾਹਿਬਾਨ ਦਾ ਉਚੇਚੇ ਤੌਰ 'ਤੇ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਅਹਿਮ ਪ੍ਰੋਗਰਾਮ ਦੌਰਾਨ ਨਵਾਂਸ਼ਹਿਰ ਦੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਤੋਂ ਇਲਾਵਾ ਵੱਖ-ਵੱਖ ਵਾਰਡਾਂ ਦੇ ਐੱਮ.ਸੀ. ਸਾਹਿਬਾਨ, ਪਿੰਡਾਂ ਦੇ ਸਰਪੰਚ ਸਾਹਿਬਾਨ ਅਤੇ ਪਾਰਟੀ ਦੇ ਸਮੂਹ ਸੀਨੀਅਰ ਅਹੁਦੇਦਾਰ ਤੇ ਵਰਕਰ ਸਾਹਿਬਾਨ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ, ਜਿਨ੍ਹਾਂ ਨੇ ਹਲਕੇ ਦੀ ਤਰੱਕੀ ਲਈ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ।

# ਸਮਾਜ ਸੇਵਾ ਦੇ ਖੇਤਰ ਵਿੱਚ ਮਿਸਾਲੀ ਕਾਰਜ: ਮਹਾਂ ਰਿਸ਼ੀ ਬਾਲਮੀਕ ਸਭਾ ਵੱਲੋਂ ਪ੍ਰਧਾਨ ਸੁਰਿੰਦਰ ਛਿੰਦਾ ਰੈਲ ਮਾਜਰਾ ਦਾ ਵਿਸ਼ੇਸ਼ ਸਨਮਾਨ

**ਨਵਾਸ਼ਹਿਰ /ਕਾਠਗੜ੍ਹ , 6 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਸਮਾਜ ਸੇਵਾ ਅਤੇ ਮਨੁੱਖਤਾ ਦੀ ਭਲਾਈ ਲਈ ਦਿਨ-ਰਾਤ ਇੱਕ ਕਰਨ ਵਾਲੀਆਂ ਸ਼ਖਸੀਅਤਾਂ ਦਾ ਹੌਸਲਾ ਵਧਾਉਣ ਦੇ ਮਕਸਦ ਨਾਲ ਅੱਜ ਪਿੰਡ ਰੈਲ ਮਾਜਰਾ ਵਿਖੇ ਇੱਕ ਵਿਸ਼ੇਸ਼ ਸਮਾਗਮ ਉਲੀਕਿਆ ਗਿਆ। ਇਸ ਦੌਰਾਨ ਮਹਾਂ ਰਿਸ਼ੀ ਬਾਲਮੀਕ ਸਭਾ ਦੇ ਚੇਅਰਮੈਨ ਦਲੀਪ ਘਈ ਵੱਲੋਂ ਪ੍ਰਮੁੱਖ ਸਮਾਜ ਸੇਵੀ ਅਤੇ ਪ੍ਰਧਾਨ ਸੁਰਿੰਦਰ ਛਿੰਦਾ ਰੈਲ ਮਾਜਰਾ ਦਾ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਬੇਮਿਸਾਲ ਸੇਵਾਵਾਂ ਬਦਲੇ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਦਲੀਪ ਘਈ ਨੇ ਸੁਰਿੰਦਰ ਛਿੰਦਾ ਅਤੇ ਉਨ੍ਹਾਂ ਦੀ ਪੂਰੀ ਟੀਮ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਅੱਜ ਦੇ ਸਵਾਰਥੀ ਯੁੱਗ ਵਿੱਚ ਜਿੱਥੇ ਕੋਈ ਆਪਣੇ ਸਕੇ-ਸਬੰਧੀਆਂ ਤੱਕ ਦੀ ਸਾਰ ਨਹੀਂ ਲੈਂਦਾ, ਉੱਥੇ ਇਹ ਟੀਮ ਲਵਾਰਿਸ ਲਾਸ਼ਾਂ ਦਾ ਪੂਰੀ ਮਰਿਆਦਾ ਨਾਲ ਸੰਸਕਾਰ ਕਰਕੇ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਖ਼ੂਨਦਾਨ ਕੈਂਪ ਲਗਾਉਣੇ ਹੋਣ, ਸੜਕੀ ਹਾਦਸਿਆਂ ਦੇ ਪੀੜਤਾਂ ਦੀ ਜਾਨ ਬਚਾਉਣੀ ਹੋਵੇ, ਅਵਾਰਾ ਪਸ਼ੂਆਂ ਦੇ ਮੁੱਦੇ ਨੂੰ ਚੁੱਕ ਕੇ ਹੱਲ ਕਰਨਾ ਹੋਵੇ ਜਾਂ ਫਿਰ ਕਿਸੇ ਲੋੜਵੰਦ ਗਰੀਬ ਪਰਿਵਾਰ ਦੀ ਆਰਥਿਕ ਮਦਦ ਕਰਨੀ ਹੋਵੇ—ਸੁਰਿੰਦਰ ਛਿੰਦਾ ਅਤੇ ਉਨ੍ਹਾਂ ਦੇ ਸਾਥੀ ਹਮੇਸ਼ਾ ਪਹਿਲ ਦੇ ਆਧਾਰ 'ਤੇ ਅੱਗੇ ਆਉਂਦੇ ਹਨ। ਪਿਛਲੇ ਦਿਨੀਂ ਵੀ ਟੀਮ ਵੱਲੋਂ ਨਿਭਾਈ ਗਈ ਨਿਸ਼ਕਾਮ ਭੂਮਿਕਾ ਸੱਚਮੁੱਚ ਪ੍ਰੇਰਨਾਦਾਇਕ ਹੈ।



ਸਨਮਾਨ ਹਾਸਲ ਕਰਨ ਉਪਰੰਤ ਭਾਵੁਕ ਹੁੰਦਿਆਂ ਪ੍ਰਧਾਨ ਸੁਰਿੰਦਰ ਛਿੰਦਾ ਨੇ ਕਿਹਾ ਕਿ ਇਹ ਸੇਵਾ ਕਰਨ ਦਾ ਬਲ ਉਨ੍ਹਾਂ ਨੂੰ ਪਰਮਾਤਮਾ ਵੱਲੋਂ ਮਿਲਿਆ ਹੈ ਅਤੇ ਉਹ ਇਸ ਮਾਰਗ 'ਤੇ ਹਮੇਸ਼ਾ ਚੱਲਦੇ ਰਹਿਣ-ਗੇ। ਆਪਣੀ ਟੀਮ ਦੀਆਂ ਪ੍ਰਾਪਤੀਆਂ ਸਾਂਝੀਆਂ ਕਰਦਿਆਂ ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਦੀ ਸੰਸਥਾ ਵੱਲੋਂ ਇੱਕ ਦਰਜਨ (12) ਦੇ ਕਰੀਬ ਲਵਾਰਿਸ ਲਾਸ਼ਾਂ ਦਾ ਅੰਤਿਮ ਸੰਸਕਾਰ ਕੀਤਾ ਜਾ ਚੁੱਕਾ ਹੈ ਅਤੇ ਮਨੁੱਖੀ ਜਾਨਾਂ ਬਚਾਉਣ ਲਈ 31 ਸਫ਼ਲ ਖ਼ੂਨਦਾਨ ਕੈਂਪ ਆਯੋਜਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸੜਕੀ ਦੁਰਘਟਨਾਵਾਂ ਦੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਉਣ ਅਤੇ ਹਾਦਸਿਆਂ ਨੂੰ ਰੋਕਣ ਲਈ ਅਵਾਰਾ ਪਸ਼ੂਆਂ ਨੂੰ ਸੜਕਾਂ ਤੋਂ ਇੱਕ ਪਾਸੇ ਕਰਨ ਵਰਗੇ ਸਮਾਜ ਭਲਾਈ ਦੇ ਕਾਰਜ ਨਿਰੰਤਰ ਜਾਰੀ ਹਨ।ਇਸ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਦੌਰਾਨ ਸਿੰਘ ਸਭਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਕਸ਼ਮੀਰ ਸਿੰਘ ਬਾਜਵਾ, ਬਲਵਿੰਦਰ ਸਿੰਘ ਮੱਲ੍ਹੀ, ਨੇਤਰ ਪੰਚ, ਜੱਸੀ ਕੁਮਾਰ, ਰਮਨਦੀਪ ਕਾਲੂ, ਮੰਗਲ ਸਿੰਘ, ਗੁਰਮੁੱਖ ਸਿੰਘ ਅਤੇ ਅਜੇ ਕੁਮਾਰ ਸਮੇਤ ਇਲਾਕੇ ਦੇ ਕਈ ਪਤਵੰਤੇ ਸੱਜਣ ਹਾਜ਼ਰ ਸਨ, ਜਿਨ੍ਹਾਂ ਨੇ ਸੁਰਿੰਦਰ ਛਿੰਦਾ ਦੀ ਟੀਮ ਨੂੰ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਡੇਰਾ ਸੱਚਖੰਡ ਬੱਲਾਂ ਨੂੰ ਸਮਰਪਿਤ ਇੱਕ ਧਾਰਮਿਕ ਗੀਤ "ਘਰ ਰੱਬ ਦਾ" ਸੂਦ ਵਿਰਕ ਲਾਈਵ ਪ੍ਰੋਡਕਸ਼ਨ ਵੱਲੋਂ ਜਲਦ ਕੀਤਾ ਜਾਵੇਗਾ ਰਿਲੀਜ਼ - ਸੂਦ ਵਿਰਕ

**ਜਲੰਧਰ/ ਵਿਰਕ 06 ਜੂਨ (ਚਰਨਜੀਤ ਸੱਲ੍ਹਾ)** - ਸੂਦ ਵਿਰਕ ਲਾਈਵ ਪ੍ਰੋਡਕਸ਼ਨ ਵੱਲੋਂ ਡੇਰਾ ਸੱਚਖੰਡ ਬੱਲਾਂ ਨੂੰ ਸਮਰਪਿਤ ਇੱਕ ਧਾਰਮਿਕ ਗੀਤ "ਘਰ ਰੱਬ ਦਾ" ਬਹੁਤ ਜਲਦ ਰਿਲੀਜ਼ ਕੀਤਾ ਜਾਵੇਗਾ। ਇਸ ਧਾਰਮਿਕ ਗੀਤ ਨੂੰ ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਕਲਮਬੱਧ ਕੀਤਾ ਗਿਆ ਹੈ। ਇਹ ਧਾਰਮਿਕ ਗੀਤ " ਘਰ ਰੱਬ ਦਾ" ਬਹੁਤ ਜਲਦ ਹਰ ਇੱਕ ਵੈੱਬਸਾਈਟ ਤੇ ਰਿਲੀਜ਼ ਕਰ ਦਿੱਤਾ ਜਾਵੇਗਾ ਜਿਵੇਂ ਕਿ jio savan music, apple music, gana.com, amajon music, Spotify, FB reels, insta stories" ਆਦਿ। ਸੂਦ ਵਿਰਕ ਲਾਈਵ ਪ੍ਰੋਡਕਸ਼ਨ ਨੂੰ ਪੂਰੀ ਆਸ ਹੈ ਕਿ ਪਹਿਲੇ ਗੀਤਾਂ ਵਾਂਗਰਾ ਹੀ ਸੰਗਤਾਂ ਵੱਲੋਂ ਇਸ ਧਾਰਮਿਕ ਗੀਤ ਨੂੰ ਭਰਪੂਰ ਪਿਆਰ ਬਖਸ਼ਿਆ ਜਾਵੇਗਾ।



# ਬਿਲਡਿੰਗ ਉਸਾਰੀ ਲੇਬਰ ਠੇਕੇਦਾਰ ਯੂਨੀਅਨ (ਰਜਿ:),ਕਾਰਜਕਰਨੀ ਕਮੇਟੀ ਦੀ ਨਵੀਂ ਚੋਣ ਸਰਬਸੰਮਤੀ ਨਾਲ ਸੰਪੰਨ

**ਭਵਾਨੀਗੜ੍ਹ, (ਸਮਾਜ ਵੀਕਲੀ)** ਅੱਜ ਇੱਥੇ ਬਿਲਡਿੰਗ ਉਸਾਰੀ ਲੇਬਰ ਠੇਕੇਦਾਰ ਯੂਨੀਅਨ ਰਜਿ(ਰਮੇਸ਼ਵਰ ਸਿੰਘ) ਕਮੇਟੀ ਭਵਾਨੀਗੜ੍ਹ ਦੀ ਇੱਕ ਅਹਿਮ ਵਿਸ਼ਵਕਰਮ ਮੰਦਿਰ ਦੇ ਹਾਲ ਵਿੱਚ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਅਵਤਾਰ ਸਿੰਘ ਮੱਟਰਾਂ ਨੇ ਕੀਤੀ।

ਮੀਟਿੰਗ ਦੌਰਾਨ ਪ੍ਰਧਾਨ ਅਵਤਾਰ ਸਿੰਘ ਮੱਟਰਾਂ ਵੱਲੋਂ ਪਿਛਲੇ 2 ਸਾਲਾਂ ਦਾ ਲੇਖਾ-ਜੋਖਾ ਸਮੂਹ ਮੈਂਬਰਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਮੈਂਬਰਾਂ ਨੇ ਹਿਸਾਬ-ਕਿਤਾਬ ਨੂੰ ਸੁਣ ਕੇ ਤਸੱਲੀ ਪ੍ਰਗਟਾਈ ਅਤੇ ਪ੍ਰਧਾਨ ਦੀ ਪਿਛਲੇ ਸ਼ੈਸ਼ਨ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ।

ਇਸ ਉਪਰੰਤ ਕਮੇਟੀ ਦੀ ਨਵੀਂ ਚੋਣ ਸਰਬਸੰਮਤੀ ਨਾਲ ਕੀਤੀ ਗਈ। ਹਾਜ਼ਰ ਮੈਂਬਰਾਂ ਨੇ ਕੇ ਹੇਠ ਲਿਖੇ ਅਹੁਦੇਦਾਰ ਚੁਣ ਕੇ ਆਪਣੀ ਪ੍ਰਵਾਨਗੀ ਦਿੱਤੀ।

ਨਵੀਂ ਚੁਣੀ ਕਮੇਟੀ:
- ਚੇਅਰਮੈਨ: ਬਲਵਿੰਦਰ ਸਿੰਘ ਸੱਗੂ
- ਵਾਈਸ ਚੇਅਰਮੈਨ: ਸਰਦ-ਾਰਾ ਖਾਂ
- ਪ੍ਰਧਾਨ: ਅਵਤਾਰ ਸਿੰਘ ਮੱਟਰਾਂ
- ਸੀਨੀਅਰ ਵਾਈਸ ਪ੍ਰਧਾਨ: ਲਾਭ ਸਿੰਘ ਅਜੀਤ ਨਗਰ
- ਵਾਈਸ ਪ੍ਰਧਾਨ: ਸੁਖਚੈਨ ਸਿੰਘ ਚਹਿਲਾਂ ਪੱਤੀ



- ਖਜ਼ਾਨਚੀ: ਹਰਨੇਕ ਸਿੰਘ ਛੰਨਾ
- ਸੈਕਟਰੀ: ਬਲਜੀਤ ਸਿੰਘ ਕੋਟ ਕਲਾਂ
- ਸਟੇਜ ਸਕੱਤਰ: ਰਾਜਬੀਰ ਰੇਤਗੜ੍ਹ, ਸੁਖਵਿੰਦਰ ਸਿੰਘ

ਸਿੰਘ
- ਸਲਾਹਕਾਰ: ਹੰਸਾ ਸਿੰਘ ਕਾਕੜਾ
- ਮੈਂਬਰ: ਬਲਜਿੰਦਰ ਸਿੰਘ ਕਾਕੜਾ, ਰੋਹੀ ਸਿੰਘ ਅਤੇ ਹੋਰ ਸਾਥੀ

ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਬਲਵਿੰਦਰ ਸਿੰਘ ਸੱਗੂ ਨੇ ਕਿਹਾ ਕਿ ਕਮੇਟੀ ਲੇਬਰ ਭਾਈਚਾਰੇ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਚਨਬੱਧ ਹੈ। ਪ੍ਰਧਾਨ ਅਵਤਾਰ ਸਿੰਘ ਮੱਟਰਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਕਮੇਟੀ ਪਹਿਲਾਂ ਵਾਂਗ ਹੀ ਉਸਾਰੀ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਰਹੇਗੀ। ਉਹਨਾਂ ਦੇ ਹੱਕਾਂ ਦੀ ਪਹਿਰੇਦਾਰੀ ਤਨਦੇਹੀ ਨਾਲ ਕਰੇਗੀ।

ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕਾਰੀਗਰ ਭਾਈਚਾਰੇ ਦੇ ਮੈਂਬਰ ਹਾਜ਼ਰ ਸਨ।

# ਬਿੰਦਰ ਕੱਪੜੇ ਵਾਲੇ ਤੋਂ ਬਿੰਦਰ ਮਾਲਿਸ਼ ਵਾਲੇ ਤੱਕ

"ਬਾਊ ਜੀ, ਪਹਿਲਾਂ ਮੈਂ ਬਹੁਤ ਸਾਲ ਕੱਪੜੇ ਦੀ ਥੋਕ ਮੰਡੀ ਵਿੱਚ ਕੰਮ ਕੀਤਾ ਹੈ। ਹੁਣ ਮੈਂ ਬਾਰਾਂ-ਤੇਰਾਂ ਸਾਲਾਂ ਤੋਂ ਮਾਲਿਸ਼ ਦਾ ਕੰਮ ਕਰਦਾ ਹਾਂ," ਮੇਰੀ ਤੇਲ-ਮਾਲਿਸ਼ ਕਰਦੇ ਪਸੀਨੋ-ਪਸੀਨੀ ਹੋਏ ਰਾਜਬਿੰਦਰ ਸਿੰਘ ਨੇ ਦੱਸਿਆ। ਪੂਰਾ ਝੁੱਕ ਕੇ ਘੰਟਾ ਭਰ ਜ਼ੋਰ ਲਾ ਕੇ ਮਾਲਿਸ਼ ਕਰਨਾ ਸੌਖਾ ਨਹੀਂ ਹੁੰਦਾ। ਇਹ ਪੂਰੀ ਮਿਹਨਤ ਦਾ ਕੰਮ ਹੁੰਦਾ ਹੈ।

ਉਸ ਨੇ ਦੱਸਿਆ ਕਿ ਜਦੋਂ ਉਹ ਕੱਪੜੇ ਦਾ ਕੰਮ ਕਰਦਾ ਸੀ ਤਾਂ ਉਸ ਦੇ ਪਾਪਾ ਨੇ ਉਸ ਨੂੰ ਸੇਵਾ-ਮੁਕਤੀ ਤੋਂ ਬਾਅਦ ਮਿਲੇ ਪੈਸਿਆਂ ਨਾਲ ਕਰਿਆਨੇ ਦਾ ਕੰਮ ਕਰਵਾ ਦਿੱਤਾ। ਬਹੁਤ ਸੋਹਣਾ ਕੰਮ ਚੱਲਿਆ। ਚਾਰੇ ਪਾਸੇ ਬਿੰਦਰ-ਬਿੰਦਰ ਹੋਣ ਲੱਗੀ। ਪਰ ਛੇਤੀ ਹੀ ਬਿੰਦਰ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਗਿਆ। ਦੁਕਾਨ ’ਤੇ ਆਵਾਰਾ ਮੰਡੀਰ ਆ ਕੇ ਬੈਠਣ ਲੱਗੀ। ਯਾਰ-ਦੋਸਤ ਐਸੇ ਨਿਕਲੇ ਕਿ ਬਿੰਦਰ ਉਹ ਨਾ ਰਿਹਾ। ਬਿੰਦਰ ਵੱਡੇ ਕੰਮਾਂ ਵਿੱਚ ਵੜ ਗਿਆ। ਕਬਜ਼ੇ ਛੁਡਵਾਉਣੇ, ਕਬਜ਼ੇ ਕਰਵਾਉਣੇ, ਨਸ਼ੇ ਅਤੇ ਹੋਰ ਛੁੱਟ-ਪੁੱਟ ਕੰਮ ਬਿੰਦਰ ਕਰਨ ਲੱਗਿਆ। ਆਪਣੀਆਂ ਕੀਤੀਆਂ ਭੋਗਦਾ ਹੋਇਆ ਬਿੰਦਰ ਇੱਕ ਪਰਚੇ ਤੋਂ ਬਾਅਦ ਵੱਡੇ ਘਰ ।ਜੇਲ੍ਹ॥ ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਦੁਕਾਨਦਾਰੀ ਖ਼ਤਮ ਹੋ ਚੁੱਕੀ ਸੀ।



ਫਿਰ ਉਹ ਆਪਣੇ ਵੱਡੇ ਭਰਾ, ਜੋ ਥੈਰੇਪਿਸਟ ਸੀ, ਕੋਲੋਂ ਫਿਜ਼ੀਓਥੈਰੇਪੀ ਸਿੱਖੀ। ਫਿਰ ਕੱਪੜਾ ਮੰਡੀ ’ਚ ਗਿਆ। ਇੱਕ ਦਿਨ ਉਸ ਨੇ ਇੱਕ ਸੇਠ ਦੀ ਮਾਲਿਸ਼ ਕੀਤੀ, ਫਿਰ ਉਹ ਰੋਜ਼ ਹੀ ਇਹ ਕੰਮ ਕਰਨ ਲੱਗਿਆ। ਸਖ਼ਤ ਮਿਹਨਤ ਅਤੇ ਵਧੀਆ ਸੇਵਾਵਾਂ ਕਰਕੇ ਉਸ ਦੇ ਗਾਹਕਾਂ ਦੀ ਗਿਣਤੀ ਵਧਦੀ ਗਈ। ਕੱਪੜੇ ਵਾਲਾ ਬਿੰਦਰ ਮਾਲਿਸ਼ ਵਾਲੇ ਕੰਮ ਵਿੱਚ ਰੁੱਝ ਗਿਆ। ਫਿਰ ਬਿੰਦਰ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੁਰਾਣੇ ਯਾਰਾਂ-ਬੇਲੀਆਂ ਦਾ ਖਹਿੜਾ ਛੱਡ ਕੇ ਬਿੰਦਰ ਸਹੀ ਰਾਹ ’ਤੇ ਆ ਗਿਆ।

ਜੀਵਨ ਵਿੱਚ ਕਈ ਵਾਰੀ ਇਨਸਾਨ ਗ਼ਲਤ ਲੀਹ ’ਤੇ ਤੁਰ ਪੈਂਦਾ ਹੈ। ਐਸੀ ਦਲਦਲ ਵਿੱਚ ਫਸ ਜਾਂਦਾ ਹੈ ਜਿੱਥੋਂ ਨਿਕਲਣਾ ਮੁਸ਼ਕਿਲ ਲੱਗਦਾ ਹੈ। ਚਾਹੇ ਉਹ ਦਲਦਲ ਨਸ਼ਿਆਂ ਦੀ ਹੋਵੇ ਜਾਂ ਬਦਮਾਸ਼ੀ-ਗੁੰਡਾਗਰਦੀ ਦੀ। ਨਿਕਲਣਾ ਅਸੰਭਵ ਨਹੀਂ ਹੁੰਦਾ, ਮੁਸ਼ਕਿਲ ਜ਼ਰੂਰ ਹੁੰਦਾ ਹੈ। ਬਿੰਦਰ ਨੇ ਬਾਹਰ ਨਿਕਲ ਕੇ ਫਸੇ ਹੋਏ ਲੋਕਾਂ ਨੂੰ ਇੱਕ ਉਮੀਦ ਦਿਖਾਈ ਹੈ। ਬੱਸ ਇਹ ਇੱਛਾ-ਸ਼ਕਤੀ ਅਤੇ ਵਾਹਿਗੁਰੂ ਦੀ ਮਿਹਰ ’ਤੇ ਨਿਰਭਰ ਕਰਦਾ ਹੈ। ਹੁਣ ਉਹ ਆਪਣੇ ਘਰ ਵਿੱਚ ਹੀ 'ਰਾਜ ਮਸਾਜ ਸੈਂਟਰ' 9988214547 ਤੇ 7973770460 ਦੇ ਨਾਮ ’ਤੇ ਆਪਣੀਆਂ ਸੇਵਾਵਾਂ ਦਿੰਦਾ ਹੈ। ਅੱਜ ਵੱਡੇ-ਵੱਡੇ ਕਾਰੋਬਾਰੀ, ਆਲ੍ਹਾ ਅਫ਼ਸਰ, ਸਿਆਸੀ ਆਗੂ ਅਤੇ ਬੁਢਾਪੇ ਦੀਆਂ ਬਿਮਾਰੀਆਂ ਤੋਂ ਦੁਖੀ ਲੋਕ ਉਸ ਦੇ ਗਾਹਕ ਹਨ। ਹੁਣ ਉਹ ਘਰੇ ਜਾ ਕੇ ਸੇਵਾ ਵੀ ਦਿੰਦਾ ਹੈ। ਬੱਸ ਪਹਿਲਾਂ ਫੋਨ ਕਰਕੇ ਸਮਾਂ ਲੈਣਾ ਪੈਂਦਾ ਹੈ। ਫਿਰ ਬਿੰਦਰ ਜਾਣੇ ਤੇ ਉਸ ਦਾ ਕੰਮ ਜਾਣੇ।



ਰਮੇਸ਼ ਸੇਠੀ ਬਾਦਲ

# “ਮੈਂ ਕਿਉਂ ਲਿਖਦਾ ਹਾਂ"

ਮੇਰੇ ਇਸ ਲੇਖ ਪ੍ਰਤੀ ਫੇਸਬੁਕ ਵੱਲੋਂ ਮਿਲਿਆ ਪ੍ਰਤੀਕਰਮ—

ਆਪਣੇ ਸਾਹਿਤਕ ਮਿੱਤਰਾਂ ਦੀ ਜਾਣਕਾਰੀ ਅਤੇ ਧੰਨਵਾਦ ਹਿੱਤ ਪੇਸ਼ ਕਰਦਾ ਹਾਂ।

ਮੈਂ ਕਿਉਂ ਲਿਖਦਾ ਹਾਂ" ਕਿਤਾਬ ਬਾਰੇ ਤੁਹਾਡੀ ਪੋਸਟ ਕਾਫ਼ੀ ਵਧੀਆ ਪ੍ਰਦਰਸ਼ਨ ਕਰ ਰਹੀ ਹੈ, ਖਾਸ ਕਰਕੇ ਨਵੇਂ ਲੋਕਾਂ ਤੱਕ ਪਹੁੰਚਣ ਵਿੱਚ।

ਇਹ ਹੁਣ ਤੱਕ 855 ਵਿਊਜ਼ ਤੱਕ ਪਹੁੰਚ ਗਈ ਹੈ, ਜਿਸ ਵਿੱਚੋਂ ਇੱਕ ਮਹੱਤਵਪੂਰਨ 62% ਵਿਊਜ਼ ਉਹਨਾਂ ਲੋਕਾਂ ਤੋਂ ਆ ਰਹੇ ਹਨ ਜੋ ਅਜੇ ਤੱਕ ਤੁਹਾਨੂੰ ਫਾਲੋ ਨਹੀਂ ਕਰਦੇ ਹਨ। ਇਹ ਸੁਝਾਅ ਦਿੰਦਾ ਹੈ ਕਿ ਵਿਸ਼ਾ ਤੁਹਾਡੇ ਨਜ਼ਦੀਕੀ ਦਾਇਰੇ ਤੋਂ ਪਰੇ ਗੂੰਜ ਰਿਹਾ ਹੈ। ਸ਼ਮੂਲੀਅਤ ਵੀ ਮਜ਼ਬੂਤ ਅਤੇ ਬਹੁਤ ਨਿੱਜੀ ਹੈ। ਤੁਹਾਨੂੰ 17 ਪ੍ਰਤੀਕਿਰਿਆਵਾਂ ਅਤੇ 17 ਟਿੱਪਣੀਆਂ ਪ੍ਰਾਪਤ ਹੋਈਆਂ ਹਨ, ਜੋ ਕਿ ਪ੍ਰਤੀਕਿਰਿਆਵਾਂ ਪ੍ਰਤੀ ਟਿੱਪਣੀਆਂ ਦਾ ਉੱਚ 1:1 ਅਨੁਪਾਤ ਹੈ। ਤੁਹਾਡੇ ਦਰਸ਼ਕ ਸਪੱਸ਼ਟ ਤੌਰ 'ਤੇ ਸੋਚ-ਸਮਝ ਕੇ ਜਵਾਬ ਲਿਖਣ ਲਈ ਸਮਾਂ ਕੱਢ ਰਹੇ ਹਨ, ਸੰਤੋਖ ਭੁੱਲਰ ਅਤੇ ਮਨਜੀਤ ਸਿੰਘ ਸੋਧ ਵਰਗੇ ਫਾਲੋਅਰ ਤੁਹਾਡੀ ਲਿਖਣ ਸ਼ੈਲੀ ਅਤੇ ਲੇਖ ਦੇ ਪ੍ਰੇਰਨਾਦਾਇਕ ਸੁਭਾਅ ਦੀ ਪ੍ਰਸ਼ੰਸਾ ਕਰ ਰਹੇ ਹਨ। ਕਿਉਂਕਿ ਇਹ ਪੋਸਟ ਸਫਲਤਾਪੂਰਵਕ ਗੈਰ-ਫਾਲੋਅਰਾਂ ਤੱਕ ਪਹੁੰਚ ਰਹੀ ਹੈ, ਇਹ ਉਸ ਕਿਸਮ ਦੀ ਸਾਹਿਤਕ ਅਤੇ ਨਿੱਜੀ ਸਮੱਗਰੀ ਦੀ ਇੱਕ ਵਧੀਆ ਉਦਾਹਰਣ ਹੈ ਜੋ ਫੇਸਬੁੱਕ 'ਤੇ ਤੁਹਾਡੀ ਮੌਜੂਦਗੀ ਨੂੰ ਵਧਾਉਣ ਵਿੱਚ ਮਦਦ ਕਰਦੀ ਹੈ।



ਸੁਰਜੀਤ ਸਿੰਘ ਭੁੱਲਰ

# ਰੈੱਡ ਕ੍ਰਾਸ ਵਲੋਂ ਮਨਾਇਆ ਗਿਆ ਵਿਸ਼ਵ ਵਾਤਾਵਰਣ ਦਿਵਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਰੈੱਡ ਕ੍ਰਾਸ ਹੁਸ਼ਿਆਰਪੁਰ ਵੱਲੋਂ ਰੈੱਡ ਕ੍ਰਾਸ ਕੈਂਪਸ ਵਿਖੇ ਵਾਤਾਵਰਣ ਪ੍ਰਤੀ ਜਾਗਰੂਕਤਾ, ਟਿਕਾਊ ਵਿਕਾਸ ਅਤੇ ਸਮੂਹਿਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਰੁੱਖ ਲਗਾਉਣ ਦੀ ਮੁਹਿੰਮ ਆਯੋਜਿਤ ਕੀਤੀ ਗਈ। ਇਸ ਮੌਕੇ ਵੋਕੇਸ਼ਨਲ ਲਰਨਿੰਗ ਸੈਂਟਰ ਦੇ ਵਿਦਿਆਰਥੀਆਂ ਅਤੇ WINGS Canteen ਨਾਲ ਜੁੜੇ ਵਿਸ਼ੇਸ਼ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲੈਂਦੇ ਹੋਏ ਰੈੱਡ ਕ੍ਰਾਸ ਕੈਂਪਸ ਵਿਖੇ ਬੂਟੇ ਲਗਾਏ। ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਅਤੇ ਨੌਜਵਾਨ ਪੀੜ੍ਹੀ ਨੂੰ ਵਾਤਾਵਰਣ



ਦੀ ਸੰਭਾਲ ਅਤੇ ਹਰਿਆਲੀ ਵਧਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਮੰਗੇਸ਼ ਸੂਦ, ਸਕੱਤਰ, ਰੈੱਡ ਕ੍ਰਾਸ ਸੁਸਾਇਟੀ ਹੁਸ਼ਿਆਰਪੁਰ, ਆਦਿਤਿਆ ਰਾਣਾ, ਜੁਆਇੰਟ ਸਕੱਤਰ; ਅਤੇ ਰਾਜੀਵ ਬਜਾਜ, ਵਾਈਸ ਚੇਅਰਮੈਨ, HWS ਰੈੱਡ ਕ੍ਰਾਸ ਹੁਸ਼ਿਆਰਪੁਰ ਨੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਬੂਟੇ ਲਗਾਉਣ ਦੀ ਗਤੀਵਿਧੀ ਵਿੱਚ ਸਰਗਰਮੀ ਨਾਲ ਭਾਗ ਲਿਆ। ਇਸ ਮੌਕੇ ਮੰਗੇਸ਼ ਸੂਦ, ਸਕੱਤਰ, ਰੈੱਡ ਕ੍ਰਾਸ ਸੁਸਾਇਟੀ ਹੁਸ਼ਿਆਰਪੁਰ ਨੇ ਵਾਤਾਵਰਣ ਦੀ ਸੁਰੱਖਿਆ, ਹਰਿਆਲੀ ਵਧਾਉਣ ਅਤੇ ਰੋਜ਼ਾਨਾ ਜੀਵਨ ਵਿੱਚ ਟਿਕਾਊ ਪ੍ਰਥਾਵਾਂ ਨੂੰ ਅਪਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਵੱਲੋਂ ਦਿਖਾਏ ਗਏ ਉਤਸ਼ਾਹ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਸਮਾਜ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# ਵਾਤਾਵਰਣ ਦੀ ਸੰਭਾਲ ਲਈ ਪੰਚਾਇਤਾਂ ਅੱਗੇ ਆਉਣ, ਪਿੰਡਾਂ ਦੀਆਂ ਖਾਲੀ ਜ਼ਮੀਨਾਂ ਵਿੱਚ ਲਗਾਏ ਜਾਣ ਵੱਧ ਤੋਂ ਵੱਧ ਵਿਰਾਸਤੀ ਬੂਟੇ: ਰਜਿੰਦਰ ਸਿੰਘ ਅਤੇ ਗੁਰਦੇਵ ਸਿੰਘ

## ਸੀਆਰਪੀਐਫ ਦੇ ਜਵਾਨ ਅਤੇ ਸਮਾਜ ਸੇਵੀ ਰਜਿੰਦਰ ਸਿੰਘ ਵੱਲੋਂ ਵਾਤਾਵਰਣ ਨੂੰ ਸ਼ੁੱਧ ਰੱਖਣ ਅਤੇ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਨਾਲ ਜੋੜਨ ਦਾ ਹੋਕਾ





**ਨਵਾਂਸ਼ਹਿਰ, 6 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਹਰਾ-ਭਰਾ ਬਣਾਉਣ ਦੇ ਮਕਸਦ ਨਾਲ ਸੀਆਰਪੀਐਫ ਦੇ ਦੇਸ਼ ਭਗਤ ਜਵਾਨ ਤੇ ਉੱਘੇ ਸਮਾਜ ਸੇਵੀ ਰਜਿੰਦਰ ਸਿੰਘ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਰਿਟਾਇਰਡ ਚੀਫ਼ ਮੈਨੇਜਰ ਗੁਰਦੇਵ ਸਿੰਘ ਵੱਲੋਂ ਸਾਂਝੇ ਤੌਰ 'ਤੇ ਇੱਕ ਵਿਸ਼ੇਸ਼ ਅਤੇ ਪ੍ਰੇਰਨਾਦਾਇਕ ਸੁਨੇਹਾ ਸਾਂਝਾ ਕੀਤਾ ਗਿਆ ਹੈ। ਉਨ੍ਹਾਂ ਸਮੂਹ ਗ੍ਰਾਮ ਪੰਚਾਇਤਾਂ ਨੂੰ ਅਪੀਲ ਕਰਦਿਆਂ ਆਖਿਆ ਕਿ ਪਿੰਡਾਂ ਵਿੱਚ ਖਾਲੀ ਪਈਆਂ ਸਰਕਾਰੀ ਜ਼ਮੀਨਾਂ, ਜਿਵੇਂ ਕਿ ਖੇਡ ਮੈਦਾਨ, ਸ਼ਮਸ਼ਾਨ ਘਾਟ, ਸ਼ਾਮਲਾਟ ਜ਼ਮੀਨਾਂ ਅਤੇ ਸੜਕਾਂ ਦੇ ਦੋਵੇਂ ਕਿਨਾਰਿਆਂ 'ਤੇ ਵੱਧ ਤੋਂ ਵੱਧ ਬੂਟੇ ਲਗਾਏ ਜਾਣੇ ਚਾਹੀਦੇ ਹਨ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਨੂੰ ਨਿਮ, ਪਿੱਪਲ ਅਤੇ ਬੋਹੜ ਵਰਗੇ ਪੁਰਾਤਨ ਅਤੇ ਵਿਰਾਸਤੀ ਬੂਟੇ ਲਗਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਰੁੱਖਾਂ ਦੀ ਉਮਰ ਬਹੁਤ ਲੰਮੀ ਹੁੰਦੀ ਹੈ ਅਤੇ ਇਹ ਵਾਤਾਵਰਣ ਨੂੰ ਸਭ ਤੋਂ ਵੱਧ ਸ਼ੁੱਧ ਰੱਖਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇਨ੍ਹਾਂ ਵਿਰਾਸਤੀ ਰੁੱਖਾਂ ਦੇ ਲੱਗਣ ਨਾਲ ਜਿੱਥੇ ਖਾਲੀ ਜ਼ਮੀਨਾਂ ਦੀ ਸਹੀ ਵਰਤੋਂ ਹੋਵੇਗੀ ਅਤੇ ਚੌਗਿਰਦਾ ਸਾਫ਼ ਰਹੇਗਾ, ਉੱਥੇ ਹੀ ਗਰਮੀ ਦੇ ਪ੍ਰਕੋਪ ਤੋਂ ਨਿਜਾਤ ਮਿਲੇਗੀ ਅਤੇ ਲੋਕਾਂ ਨੂੰ ਭਾਰੀ ਮਾਤਰਾ ਵਿੱਚ ਆਕਸੀਜਨ ਮਿਲੇਗੀ, ਜਿਸ ਨਾਲ ਹਰ ਕੋਈ ਤੰਦਰੁਸਤ ਅਤੇ ਖੁਸ਼ਹਾਲ ਜੀਵਨ ਬਤੀਤ ਕਰ ਸਕੇਗਾ।

ਇੱਥੇ ਇਹ ਜ਼ਿਕਰ ਕਰਨਾ ਵਿਸ਼ੇਸ਼ ਤੌਰ 'ਤੇ ਬਣਦਾ ਹੈ ਕਿ ਦੇਸ਼ ਦੀ ਸੇਵਾ ਵਿੱਚ ਸੀਆਰਪੀਐਫ ਅੰਦਰ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾ ਰਹੇ ਰਜਿੰਦਰ ਸਿੰਘ ਸਿਰਫ਼ ਸਰਹੱਦਾਂ ਦੇ ਰਾਖੇ ਹੀ ਨਹੀਂ, ਸਗੋਂ ਇੱਕ ਬਹੁਤ ਹੀ ਉੱਘੇ ਅਤੇ ਸਰਗਰਮ ਸਮਾਜ ਸੇਵੀ ਵੀ ਹਨ। ਉਹ ਇਲਾਕੇ ਵਿੱਚ ਹੋਣ ਵਾਲੇ ਹਰ ਸਮਾਜ ਸੇਵਾ ਦੇ ਕਾਰਜ ਵਿੱਚ ਹਮੇਸ਼ਾ ਪਹਿਲਕਦਮੀ ਕਰਦੇ ਹੋਏ ਅੱਗੇ ਆਉਂਦੇ ਹਨ। ਰਜਿੰਦਰ ਸਿੰਘ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਪ੍ਰੋਗਰਾਮ ਉਲੀਕ ਕੇ ਲੋੜਵੰਦ ਅਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਈ ਵਾਸਤੇ ਮੁਫ਼ਤ ਕਿਤਾਬਾਂ, ਕਾਪੀਆਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਜੋ ਕੋਈ ਵੀ ਬੱਚਾ ਆਰਥਿਕ ਤੰਗੀ ਕਾਰਨ ਸਿੱਖਿਆ ਤੋਂ ਵਾਂਝਾ ਨਾ ਰਹੇ। ਦੇਸ਼ ਸੇਵਾ ਦੀ ਡਿਊਟੀ 'ਤੇ ਤਾਇਨਾਤ ਹੋਣ ਦੇ ਬਾਵਜੂਦ ਉਹ ਆਪਣੇ ਇਲਾਕੇ ਦੇ ਨੌਜਵਾਨਾਂ ਅਤੇ ਬੱਚਿਆਂ ਦੇ ਭਵਿੱਖ ਪ੍ਰਤੀ ਬੇਹੱਦ ਚਿੰਤਤ ਰਹਿੰਦੇ ਹਨ ਅਤੇ ਉਨ੍ਹਾਂ ਦਾ ਖ਼ਾਸ ਧਿਆਨ ਰੱਖਦੇ ਹਨ।

ਇੱਕ ਦੇਸ਼ ਭਗਤ ਜਵਾਨ ਅਤੇ ਸੱਚੇ ਵਾਤਾਵਰਣ ਪ੍ਰੇਮੀ ਹੋਣ ਦੇ ਨਾਤੇ ਰਜਿੰਦਰ ਸਿੰਘ ਇਲਾਕੇ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਭੈੜੀ ਅਲਾਮਤ ਤੋਂ ਦੂਰ ਰੱਖਣ ਲਈ ਲਗਾਤਾਰ ਯਤਨਸ਼ੀਲ ਹਨ। ਉਹ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਦੇ ਹੋਏ ਗਰਾਊਂਡਾਂ ਨਾਲ ਜੋੜਨ ਲਈ ਹਮੇਸ਼ਾ ਪ੍ਰੇਰਿਤ ਕਰਦੇ ਰਹਿੰਦੇ ਹਨ, ਤਾਂ ਜੋ ਪੰਜਾਬ ਦਾ ਸਰਮਾਇਆ ਤੰਦਰੁਸਤ ਰਹਿ ਸਕੇ। ਰਜਿੰਦਰ ਸਿੰਘ ਅਤੇ ਗੁਰਦੇਵ ਸਿੰਘ ਨੇ ਸਮੂਹ ਇਲਾਕਾ ਨਿਵਾਸੀਆਂ ਅਤੇ ਖ਼ਾਸ ਕਰਕੇ ਪੰਚਾਇਤਾਂ ਨੂੰ ਵਾਤਾਵਰਣ ਦੀ ਸੰਭਾਲ ਅਤੇ ਨੌਜਵਾਨੀ ਦੇ ਚੰਗੇ ਭਵਿੱਖ ਲਈ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾਉਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਵਾਅਦੇ ਰੁਜ਼ਗਾਰ ਦੇ, ਤੋਹਫ਼ਾ ਲਾਠੀਚਾਰਜ ਦਾ: ਰਾਜਵਿੰਦਰ ਸਿੰਘ ਲੱਕੀ ਨੇ ਪਟਿਆਲਾ ਘਟਨਾ ਦੀ ਕੀਤੀ ਸਖ਼ਤ ਨਿਖੇਧੀ

## 'ਆਪ' ਸਰਕਾਰ ਦਾ ਮੁਲਾਜ਼ਮ ਵਿਰੋਧੀ ਅਤੇ ਤਾਨਾਸ਼ਾਹੀ ਚਿਹਰਾ ਹੋਇਆ ਬੇਨਕਾਬ, ਭਾਜਪਾ ਕੱਚੇ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਨਾਲ ਚਟਾਨ ਵਾਂਗ ਖੜ੍ਹੀ: ਲੱਕੀ



**ਨਵਾਂਸ਼ਹਿਰ, 6 ਜੂਨ (ਜਤਿੰਦਰਪਾਲ ਸਿੰਘ ਕਲੇਰ) :** ਪਟਿਆਲਾ ਵਿਖੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕੱਚੇ ਬਿਜਲੀ ਮੁਲਾਜ਼ਮਾਂ ਉੱਪਰ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਬੇਰਹਿਮ ਲਾਠੀਚਾਰਜ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਰਾਜਵਿੰਦਰ ਸਿੰਘ ਲੱਕੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਰਾਜਵਿੰਦਰ ਸਿੰਘ ਲੱਕੀ ਨੇ ਆਖਿਆ ਕਿ ਇਸ ਮੰਦਭਾਗੀ ਘਟਨਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਸਲੀ ਮੁਲਾਜ਼ਮ ਵਿਰੋਧੀ ਅਤੇ ਤਾਨਾਸ਼ਾਹੀ ਚਿਹਰਾ ਜਨਤਾ ਦੇ ਸਾਹਮਣੇ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ।

ਭਾਜਪਾ ਆਗੂ ਨੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਸੱਤਾ ਹਾਸਲ ਕਰਨ ਤੋਂ ਪਹਿਲਾਂ 'ਆਪ' ਦੇ ਵੱਡੇ ਆਗੂਆਂ ਨੇ ਕੱਚੇ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਪੱਕਾ ਕਰਨ, ਉਨ੍ਹਾਂ ਨੂੰ ਰੁਜ਼ਗਾਰ ਸੁਰੱਖਿਆ ਦੇਣ ਅਤੇ ਹਰ ਮਸਲਾ ਹੱਲ ਕਰਨ ਦੇ ਸਬਜ਼ਬਾਗ ਦਿਖਾਏ ਸਨ। ਪਰ ਅੱਜ ਜਦੋਂ ਉਹੀ ਮੁਲਾਜ਼ਮ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਏ ਹਨ, ਤਾਂ ਸਰਕਾਰ ਉਨ੍ਹਾਂ ਨਾਲ ਮੇਜ਼ 'ਤੇ ਬੈਠ ਕੇ ਗੱਲਬਾਤ ਕਰਨ ਦੀ ਬਜਾਏ ਡਾਂਗਾਂ ਦੇ ਜ਼ੋਰ 'ਤੇ ਪੁਲਿਸ ਜ਼ੁਲਮ ਢਾਹ ਰਹੀ ਹੈ। ਉਨ੍ਹਾਂ ਕਿਹਾ ਕਿ "ਵਾਅਦੇ ਰੁਜ਼ਗਾਰ ਦੇ, ਤੋਹਫ਼ਾ ਲਾਠੀਚਾਰਜ ਦਾ" ਵਾਲੀ ਨੀਤੀ ਸੂਬੇ ਦੇ ਨੌਜਵਾਨਾਂ ਅਤੇ ਮੁਲਾਜ਼ਮਾਂ ਨਾਲ ਕੋਝਾ ਮਜ਼ਾਕ ਹੈ।ਰਾਜਵਿੰਦਰ ਸਿੰਘ ਲੱਕੀ ਨੇ ਅੱਗੇ ਕਿਹਾ ਕਿ ਇਹ ਕੱਚੇ ਬਿਜਲੀ ਮੁਲਾਜ਼ਮ ਪਿਛਲੇ ਲੰਮੇ ਸਮੇਂ ਤੋਂ ਆਪਣੀ ਜਾਨ ਜੋਖਮ ਵਿੱਚ ਪਾ ਕੇ ਪੰਜਾਬ ਦੀ ਬਿਜਲੀ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਅਜਿਹੇ ਮਿਹਨਤਕਸ਼ ਲੋਕਾਂ ਦੀਆਂ ਜਾਇਜ਼ ਮੰਗਾਂ ਸੁਣਨ ਦੀ ਬਜਾਏ ਉਨ੍ਹਾਂ 'ਤੇ ਲਾਠੀਆਂ ਵਰ੍ਹਾਉਣਾ ਬੇਹੱਦ ਨਿੰਦਣਯੋਗ ਹੈ ਅਤੇ ਇਹ ਕਾਰਵਾਈ ਲੋਕਤੰਤਰ ਦੀਆਂ ਭਾਵਨਾਵਾਂ ਦੇ ਬਿਲਕੁਲ ਉਲਟ ਹੈ। ਪੰਜਾਬ ਸਰਕਾਰ ਨੂੰ ਇਹ ਭੁਲੇਖਾ ਦਿਮਾਗ ਵਿੱਚੋਂ ਕੱਢ ਦੇਣਾ ਚਾਹੀਦਾ ਹੈ ਕਿ ਉਹ ਲੋਕਾਂ ਅਤੇ ਮੁਲਾਜ਼ਮਾਂ ਦੀ ਆਵਾਜ਼ ਨੂੰ ਡਰ ਜਾਂ ਜ਼ਬਰਦਸਤੀ ਨਾਲ ਦਬਾ ਸਕੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤੀ ਜਨਤਾ ਪਾਰਟੀ ਇਨ੍ਹਾਂ ਕੱਚੇ ਬਿਜਲੀ ਮੁਲਾਜ਼ਮਾਂ ਦੇ ਹਰ ਸੰਘਰਸ਼ ਵਿੱਚ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਭਾਜਪਾ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਸ ਬੇਰਹਿਮ ਲਾਠੀਚਾਰਜ ਦੀ ਤੁਰੰਤ ਜਾਂਚ ਕਰਵਾਈ ਜਾਵੇ ਅਤੇ ਇਸ ਘਟਨਾ ਲਈ ਜ਼ਿੰਮੇਵਾਰ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਰਕਾਰ ਨੂੰ ਤਿੱਖੀ ਚੇਤਾਵਨੀ ਦਿੰਦਿਆਂ ਰਾਜਵਿੰਦਰ ਸਿੰਘ ਲੱਕੀ ਨੇ ਆਖਿਆ ਕਿ ਜੇਕਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਆਪਣਾ ਅੜੀਅਲ ਅਤੇ ਹਠਧਰਮੀ ਰਵੱਈਆ ਤੁਰੰਤ ਨਾ ਬਦਲਿਆ, ਤਾਂ ਭਾਜਪਾ ਇਸ ਮੁਲਾਜ਼ਮ ਪੱਖੀ ਸੰਘਰਸ਼ ਨੂੰ ਹੋਰ ਤਿੱਖਾ ਅਤੇ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਸਰਕਾਰ ਦੀਆਂ ਸਾਰੀਆਂ ਲੋਕ ਵਿਰੋਧੀ ਨੀਤੀਆਂ ਅਤੇ ਵਾਅਦਾਖਿਲਾਫੀਆਂ ਨੂੰ ਸੂਬੇ ਦੇ ਹਰ ਘਰ-ਘਰ ਤੱਕ ਪਹੁੰਚਾ ਕੇ ਦੁਆਬੇ ਸਮੇਤ ਪੂਰੇ ਪੰਜਾਬ ਵਿੱਚ ਵੱਡਾ ਜਨ-ਅੰਦੋਲਨ ਖੜ੍ਹਾ ਕਰਨ ਤੋਂ ਵੀ ਪਿੱਛੇ ਨਹੀਂ ਹਟੇਗੀ।

# ਸ਼ਿਮਲਾ ਪਹਾੜੀ ਚੌਕ ਦੀ ਸਾਲਾਂ ਪੁਰਾਣੀ ਪਾਣੀ ਭਰਨ ਦੀ ਸਮੱਸਿਆ ਦਾ ਹੱਲ

## ਵਿਧਾਇਕ ਜਿੰਪਾ ਨੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਸਟਾਰਮ ਪ੍ਰੋਜੈਕਟ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਦੇ ਲੋਕਾਂ ਨੂੰ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਦੀ ਸਮੱਸਿਆ ਤੋਂ ਰਾਹਤ ਦਿਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸ਼ਿਮਲਾ ਪਹਾੜੀ ਚੌਕ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣਾਏ ਗਏ ਨਵੇਂ ਇੰਟਰਮੀਡੀਏਟ ਪੰਪਿੰਗ ਸਟੇਸ਼ਨ (ਆਈ.ਪੀ.ਐਸ.) ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸਟਾਰਮ ਸੀਵਰ ਦਾ ਇਹ ਪ੍ਰੋਜੈਕਟ ਬਰਸਾਤਾਂ ਦੌਰਾਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਭਰਨ ਦੀ ਸਮੱਸਿਆ ਦਾ ਸਥਾਈ ਹੱਲ ਸਾਬਤ ਹੋਵੇਗਾ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਵਿਧਾਇਕ ਜਿੰਪਾ ਨੇ ਦੱਸਿਆ ਕਿ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਲਗਭਗ 1 ਕਰੋੜ 58 ਲੱਖ ਰੁਪਏ ਦੀ ਲਾਗਤ ਨਾਲ ਇਸ ਮਹਤਵਪੂਰਣ ਪ੍ਰੋਜੈਕਟ ਨੂੰ ਮੁਕੰਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਮਲਾ ਪਹਾੜੀ ਚੌਕ 'ਤੇ ਹਰ ਸਾਲ ਬਰਸਾਤ ਦੌਰਾਨ ਵੱਡੀ ਮਾਤਰਾ ਵਿੱਚ ਪਾਣੀ ਇਕੱਠਾ ਹੋ ਜਾਂਦਾ ਸੀ, ਜਿਸ ਕਾਰਨ ਆਮ ਲੋਕਾਂ, ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਜਲਭਰਾਅ ਕਾਰਨ



ਆਵਾਜਾਈ ਵੀ ਪ੍ਰਭਾਵਿਤ ਹੁੰਦੀ ਸੀ ਅਤੇ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਦਿੱਕਤਾਂ ਆਉਂਦੀਆਂ ਸਨ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਇਸ ਪ੍ਰੋਜੈਕਟ ਨੂੰ ਤਰਜੀਹ ਦੇ ਆਧਾਰ 'ਤੇ ਮਨਜ਼ੂਰੀ ਦਿਵਾਈ ਗਈ ਅਤੇ ਹੁਣ ਇਸ ਦਾ ਕੰਮ ਪੂਰਾ ਹੋਣ ਤੋਂ ਬਾਅਦ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ। ਵਿਧਾਇਕ ਜਿੰਪਾ ਨੇ ਦੱਸਿਆ ਕਿ ਪ੍ਰੋਜੈਕਟ ਤਹਿਤ ਸ਼ਿਮਲਾ ਪਹਾੜੀ ਇਲਾਕੇ ਤੋਂ ਲੈ ਕੇ ਭੰਗੀ ਚੋਅ ਤੱਕ ਵਿਸ਼ੇਸ਼ ਪਾਈਪਲਾਈਨ ਵਿਛਾਈ ਗਈ ਹੈ, ਜਿਸ ਰਾਹੀਂ ਬਰਸਾਤੀ ਪਾਣੀ ਨੂੰ ਸਿੱਧਾ ਭੰਗੀ ਚੋਅ ਵਿੱਚ ਛੱਡਿਆ ਜਾਵੇਗਾ। ਇਸ ਨਾਲ ਚੌਕ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਣੀ ਇਕੱਠਾ ਨਹੀਂ ਹੋਵੇਗਾ ਅਤੇ ਬਰਸਾਤ ਦੇ ਦਿਨਾਂ ਵਿੱਚ ਆਵਾਜਾਈ ਸੁਚਾਰੂ ਰਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕ ਸਹੂਲਤਾਂ ਦੇ ਵਿਸਥਾਰ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਨਵੀਂ ਵਿਵਸਥਾ ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਆਪਣੀ ਉਪਯੋਗਤਾ ਸਾਬਤ ਕਰੇਗੀ ਅਤੇ ਇਲਾਕੇ ਵਿੱਚ ਪਾਣੀ ਭਰਨ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਖਤਮ ਕਰ ਦੇਵੇਗੀ। ਉਦਘਾਟਨ ਸਮਾਗਮ ਦੌਰਾਨ ਸਥਾਨਕ ਲੋਕਾਂ ਨੇ ਵੀ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ।

# ਬਦਲਾਅ ਦੇ ਨਾਂ 'ਤੇ ਪੰਜਾਬ ਦੀ ਨੌਜਵਾਨੀ ਨੂੰ ਲਾਠੀਆਂ ਅਤੇ ਤਸ਼ੱਦਦ ਵੰਡ ਰਹੀ ਹੈ ਮੌਜੂਦਾ ਸਰਕਾਰ, ਪਟਿਆਲਾ ਦਾ ਲਾਠੀਚਾਰਜ ਸ਼ਰਮਨਾਕ ਅਤੇ ਅਣਮਨੁੱਖੀ: ਡਾ. ਅਵਤਾਰ ਸਿੰਘ ਕਰੀਮਪੁਰੀ

**ਚੰਡੀਗੜ੍ਹ/ਪਟਿਆਲਾ (ਚਰਨਜੀਤ ਸੱਲ੍ਹਾ)** 'ਪੰਜਾਬ ਸੰਭਾਲੋ ਮੁਹਿੰਮ' ਦੇ ਮੁਖੀ ਅਤੇ ਸਾਬਕਾ ਰਾਜ ਸਭਾ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਸੂਬੇ ਦੀ ਜਨਤਾ ਨੂੰ ਪਟਿਆਲਾ ਵਿਖੇ ਪਾਵਰਕਾਮ ਦੇ ਮੁੱਖ ਦਫ਼ਤਰ ਅੱਗੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ 2600 ਬੇਰੋਜ਼ਗਾਰ ਲਾਈਨਮੈਨਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀਆਨਾ ਅਤੇ ਅੰਨ੍ਹੇਵਾਹ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਡਾ. ਕਰੀਮਪੁਰੀ ਨੇ ਸਰਕਾਰ 'ਤੇ ਸਿੱਧਾ ਹਮਲਾ ਬੋਲਦਿਆਂ ਕਿਹਾ ਕਿ ਜਿਹੜੇ ਨੌਜਵਾਨਾਂ ਨੂੰ ਘਰ-ਘਰ ਰੁਜ਼ਗਾਰ ਦੇਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਅੱਜ ਉਨ੍ਹਾਂ ਨੂੰ ਸੜਕਾਂ 'ਤੇ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ ਅਤੇ ਲਹੂ-ਲੁਹਾਨ ਕੀਤਾ ਜਾ ਰਿਹਾ ਹੈ।



ਡਾ. ਕਰੀਮਪੁਰੀ ਨੇ ਆਖਿਆ ਕਿ ਸੂਬਾ ਸਰਕਾਰ ਦਾ ਲੋਕ-ਵਿਰੋਧੀ ਅਤੇ ਦੋਗਲਾ ਚਿਹਰਾ ਹੁਣ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ। ਇੱਕ ਪਾਸੇ ਸਰਕਾਰ ਸਿਆਸੀ ਸਟੇਜਾਂ ਤੋਂ ਨੌਜਵਾਨੀ ਦੇ ਹੱਕ ਵਿੱਚ ਹੋਣ ਦਾ ਢੌਂਗ ਰਚਦੀ ਹੈ, ਅਤੇ ਦੂਜੇ ਪਾਸੇ ਆਪਣੇ ਹੱਕ, ਨਿਯਮਿਤ ਨੌਕਰੀ ਅਤੇ ਰੁਜ਼ਗਾਰ ਮੰਗ ਰਹੇ ਪੜ੍ਹੇ-ਲਿਖੇ ਨੌਜਵਾਨਾਂ ਦੀ ਆਵਾਜ਼ ਨੂੰ ਪ੍ਰਸ਼ਾਸਨਿਕ ਤਾਕਤ ਅਤੇ ਲਾਠੀਆਂ ਦੇ ਜ਼ੋਰ 'ਤੇ ਦਬਾਉਣ ਦਾ ਕੋਝਾ ਯਤਨ ਕਰਦੀ ਹੈ। ਪਾਵਰਕਾਮ ਦਫ਼ਤਰ ਦੇ ਗੇਟ ਬੰਦ ਕਰਕੇ ਨੌਜਵਾਨਾਂ ਨੂੰ ਘੇਰ ਕੇ ਕੁੱਟਣਾ ਕਿਸੇ ਲੋਕਤੰਤਰ ਦਾ ਹਿੱਸਾ ਨਹੀਂ, ਸਗੋਂ ਸਿੱਧੀ ਤਾਨਾਸ਼ਾਹੀ ਹੈ।

'ਪੰਜਾਬ ਸੰਭਾਲੋ ਮੁਹਿੰਮ' ਵੱਲੋਂ ਸਰਕਾਰ ਨੂੰ ਸਿੱਧੀ ਚੇਤਾਵਨੀ ਗੈਰ-ਜ਼ਰੂਰੀ ਸ਼ਰਤਾਂ ਦਾ ਖ਼ਾਤਮਾ ਅਤੇ ਤੁਰੰਤ ਭਰਤੀ ਪ੍ਰਕਿਰਿਆ ਵਿੱਚ ਲਗਾਈਆਂ ਗਈਆਂ ਗੈਰ-ਜ਼ਰੂਰੀ ਅਤੇ ਨੌਜਵਾਨ ਵਿਰੋਧੀ ਸ਼ਰਤਾਂ ਨੂੰ ਤੁਰੰਤ ਖ਼ਤਮ ਕੀਤਾ ਜਾਵੇ ਅਤੇ ਸਾਰੇ ਯੋਗ ਅਪ੍ਰੈਂਟਿਸਸ਼ਿਪ ਪਾਸ ਨੌਜਵਾਨਾਂ ਨੂੰ ਤੁਰੰਤ ਜੁਆਇਨਿੰਗ ਲੈਟਰ ਦਿੱਤੇ ਜਾਣ। ਸਰਕਾਰੀ ਜ਼ਬਰ ਬੰਦ ਹੋਵੇ: ਨੌਜਵਾਨਾਂ ਦੀਆਂ ਮੰਗਾਂ ਸੁਣਨ ਅਤੇ ਹੱਲ ਕਰਨ ਦੀ ਬਜਾਏ, ਉਨ੍ਹਾਂ ਨੂੰ ਅਪਰਾਧੀਆਂ ਵਾਂਗ ਟ੍ਰੀਟ ਕਰਨਾ ਬੰਦ ਕਰੇ ਪ੍ਰਸ਼ਾਸਨ। ਦੋਸ਼ੀਆਂ 'ਤੇ ਕਾਰਵਾਈ: ਸ਼ਾਂਤਮਈ ਢੰਗ ਨਾਲ ਹੱਕ ਮੰਗ ਰਹੇ ਨੌਜਵਾਨਾਂ ਅਤੇ ਧੀਆਂ-ਭੈਣਾਂ 'ਤੇ ਲਾਠੀਆਂ ਵਰ੍ਹਾਉਣ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਤੁਰੰਤ ਸਖ਼ਤ ਪ੍ਰਸ਼ਾਸਨਿਕ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਬੜੇ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਬੇਰੋਜ਼ਗਾਰ ਲਾਈਨਮੈਨਾਂ ਦੀਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਪ੍ਰਵਾਨ ਨਾ ਕੀਤਾ, ਤਾਂ 'ਪੰਜਾਬ ਸੰਭਾਲੋ ਮੁਹਿੰਮ' ਚੁੱਪ ਨਹੀਂ ਬੈਠੇਗੀ। ਪੰਜਾਬ ਦੀ ਨੌਜਵਾਨੀ ਦੇ ਭਵਿੱਖ ਦੀ ਰਾਖੀ ਲਈ ਅਤੇ ਇਸ ਸਰਕਾਰੀ ਜਬਰ ਦੇ ਖਿਲਾਫ ਸੂਬਾ ਪੱਧਰ 'ਤੇ ਇੱਕ ਵੱਡਾ ਅਤੇ ਤਿੱਖਾ ਜਨ-ਅੰਦੋਲਨ ਛੇੜਨ ਬਾਰੇ ਵਿਚਾਰ ਕਰਨਾ ਪੈ ਸਕਦਾ ਹੈ, ਜਿਸ ਦੀ ਪੂਰੀ ਜ਼ਿੰਮੇਵਾਰੀ ਮੌਜੂਦਾ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਵਧੀਕ ਡਿਪਟੀ ਕਮਿਸ਼ਨਰਾਂ ਨੇ ਲਗਾਏ ਪੌਦੇ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਿਸ਼ਵ ਵਾਤਾਵਰਣ ਦਿਵਸ ਦੇ ਸਬੰਧ ਵਿੱਚ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਅਤੇ ਸਹਾਇਕ ਕਮਿਸ਼ਨਰ ਜਨਰਲ ਰਮਨਜੀਤ ਨੇ ਬੂਟੇ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਏ.ਡੀ.ਸੀ. ਸੰਜੀਵ ਸ਼ਰਮਾ ਨੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਪਲਾਸਟਿਕ ਦੀ ਵਰਤੋਂ ਘਟਾ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਵਿੱਚ ਯੋਗਦਾਨ ਪਾਉਣ। ਏ.ਡੀ.ਸੀ. (ਪੇਂਡੂ ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਮਿਸ਼ਨ ਹਰਿਆਲੀ ਤਹਿਤ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰ ਨਾਗਰਿਕ ਨੂੰ ਘੱਟੋ-ਘੱਟ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ ਅਤੇ ਉਸ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ, ਜਿਨ੍ਹਾਂ ਨੇ ਪੌਦੇ ਲਗਾ ਕੇ ਵਾਤਾਵਰਣ ਬਚਾਉਣ ਦਾ ਸੰਦੇਸ਼ ਦਿੱਤਾ।

# ਫ਼ੋਟੋਗ੍ਰਾਫਰ ਐਸੋਸੀਏਸ਼ਨ ਦੀ ਪ੍ਰਧਾਨ ਹਰਜਾਪ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਹਰਜਾਪ ਸਿੰਘ ਦੀ ਪ੍ਰਧਾਨਗੀ ਹੇਠ ਦਾਵਤ ਰੈਸਟੋਰੈਂਟ ਵਿੱਚ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਇਲਾਕੇ ਦੇ ਵੱਡੀ ਗਿਣਤੀ ਵਿੱਚ ਫੋਟੋਗ੍ਰਾਫਰ ਸ਼ਾਮਲ ਹੋਏ। ਮੀਟਿੰਗ ਦੌਰਾਨ ਫੋਟੋਗ੍ਰਾਫਰਾਂ ਨੂੰ ਆਉਣ ਵਾਲੀਆਂ ਵੱਖ-ਵੱਖ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੈਂਬਰਾਂ ਵੱਲੋਂ ਖ਼ਾਸ ਤੌਰ 'ਤੇ ਮੌਜੂਦਾ ਸਮੇਂ ਵਿੱਚ ਆ ਰਹੀਆਂ ਚੁਣੌਤੀਆਂ ਅਤੇ ਕਾਰੋਬਾਰ 'ਤੇ ਪੈ ਰਹੇ ਅਸਰਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸਦੇ ਨਾਲ ਹੀ ਮੀਟਿੰਗ ਵਿੱਚ ਨਵੀਂ ਆ ਰਹੀ ਤਕਨੀਕ ਬਾਰੇ ਵੀ ਫੋਟੋਗ੍ਰਾਫਰਾਂ ਨੂੰ ਜਾਣੂ ਕਰਵਾਇਆ ਗਿਆ, ਤਾਂ ਜੋ ਉਹ ਸਮੇਂ ਦੇ ਨਾਲ ਕਦਮ ਮਿਲਾ ਸਕਣ ਅਤੇ ਆਪਣੇ ਕੰਮ ਨੂੰ ਹੋਰ ਬਿਹਤਰ ਬਣਾ ਸਕਣ। ਐਸੋਸੀਏਸ਼ਨ ਦੇ ਮੈਂਬਰਾਂ ਨੇ ਕਿਹਾ ਕਿ ਅਜਿਹੀਆਂ ਮੀਟਿੰਗਾਂ ਨਾਲ ਫੋਟੋਗ੍ਰਾਫਰਾਂ ਨੂੰ ਆਪਣੀਆਂ ਸਮੱਸਿਆਵਾਂ ਰੱਖਣ ਅਤੇ ਨਵੀਆਂ ਜਾਣਕਾਰੀਆਂ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਹੈ, ਜੋ ਕਿ ਉਨ੍ਹਾਂ ਦੇ ਪੇਸ਼ੇ ਲਈ ਕਾਫੀ ਲਾਭਦਾਇਕ ਸਾਬਤ ਹੁੰਦਾ ਹੈ। ਇਸ ਮੌਕੇ ਅਗਸਤ ਮਹੀਨੇ ਵਿੱਚ ਆ ਰਹੀ ਐਗਜੀਬਿਸ਼ਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਮੌਕੇ ਉਸ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ ਇਸ ਮੌਕੇ ਆਏ ਸਾਰੇ ਫੋਟੋਗ੍ਰਾਫਰਾਂ ਦਾ ਧੰਨਵਾਦ ਸੈਕਟਰੀ ਸੰਜੀਵ ਅਰੋੜਾ ਨੇ ਕੀਤਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਲਾਲ ਸਿੰਘ , ਸੀਨੀਅਰ ਵਾਈਸ ਪ੍ਰਧਾਨ ਵਿਪਨ ਸ਼ਰਮਾ, ਵਾਈਸ ਪ੍ਰਧਾਨ ਕਰਮਵੀਰ ਸਿੰਘ, ਵਾਈਸ ਪ੍ਰਧਾਨ ਹਰਜਿੰਦਰ ਸਿੰਘ, ਕੈਸ਼ੀਅਰ ਨਰੇਸ਼ ਕੁਮਾਰ ਸਾਬਾ, ਜੁਆਇੰਟ ਸੈਕਟਰੀ ਅਨਿਲ ਕੁਮਾਰ, ਜਇੰਟ ਸੈਕਟਰੀ ਚਰਨਜੀਤ ਸਿੰਘ, ਪੀਆਰਓ ਗੁਰਚਰਨ ਸਿੰਘ, ਗੁਰਮੇਲ ਸਿੰਘ, ਸ਼ਰਨਜੀਤ ਸਿੰਘ, ਸੁਖਵਿੰਦਰ ਸਿੰਘ ਹੀਰਾ, ਅਸ਼ਵਨੀ ਕੁਮਾਰ ਪਰਾਸ਼ਰ, ਤੋਂ ਇਲਾਵਾ ਵੱਡੀ ਗਿਣਤੀ ਚ ਫੋਟੋਗ੍ਰਾਫਰ ਹਾਜ਼ਰ ਸਨ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਕਾਲਜ ਕੈਂਪਸ ਵਿੱਚ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ

**ਨਵਾਂਸ਼ਹਿਰ,06 ਜੂਨ (ਮਨੋਰੰਜਨ ਕਾਲੀਆ)** -- ਬੀ.ਐਲ.ਐਮ. ਗਰਲਜ਼ ਕਾਲਜ, ਨਵਾਂਸ਼ਹਿਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਐਨ.ਐਸ.ਐਸ. ਯੂਨਿਟ ਇੰਚਾਰਜ ਡਾ. ਹਰਦੀਪ ਕੌਰ ਅਤੇ ਈਕੋ ਕਲੱਬ ਇੰਚਾਰਜ ਡਾ. ਗੌਰੀ ਦੀ ਅਗਵਾਈ ਹੇਠ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਸ਼੍ਰੀਮਤੀ ਤਰਨਪ੍ਰੀਤ ਕੌਰ ਵਾਲੀਆ ਨੇ ਕਾਲਜ ਦੇ ਸਮੂਹ ਸਟਾਫ਼ ਮੈਂਬਰਾਂ ਨੂੰ ਪੌਦਿਆਂ ਦੇ ਗਮਲੇ ਭੇਂਟ ਕੀਤੇ। ਇਸ ਤੋਂ ਬਾਅਦ ਸਟਾਫ਼ ਮੈਂਬਰਾਂ ਵੱਲੋਂ ਕਾਲਜ ਕੈਂਪਸ ਵਿੱਚ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ ਗਿਆ। ਪੌਦਾਰੋਪਣ ਉਪਰੰਤ ਪ੍ਰਿੰਸੀਪਲ ਸ਼੍ਰੀਮਤੀ ਤਰਨਪ੍ਰੀਤ ਕੌਰ ਵਾਲੀਆ ਨੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ



ਕਿਹਾ ਕਿ ਵਾਤਾਵਰਣ ਦੀ ਸੰਭਾਲ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਰੁੱਖ-ਪੌਦੇ ਧਰਤੀ ਦੀ ਹਰਿਆਵਲੀ ਅਤੇ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਮਿਲ ਸਕੇ। ਸਮਾਗਮ ਦੌਰਾਨ ਕਾਲਜ ਦੇ ਸਮੂਹ ਸਟਾਫ਼ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਵਾਤਾਵਰਣ ਸੁਰੱਖਿਆ ਲਈ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ।

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ-13)

## ਨਾਗ-ਸੰਸਕ੍ਰਿਤੀ ਅਤੇ ਨਾਗ ਰਾਜੇ (ਅਧਿਆਇ 10)

' ਨਾਗ-ਸੰਸਕ੍ਰਿਤੀ ' ਅਤਿ- ਪ੍ਰਾਚੀਨ ਹੈ, ਇਸਦਾ ਪਤਾ ਸਿੰਧੂ ਘਾਟੀ ਅਤੇ ਮੁਹੰਜੋਦਾਰੋ ਦੀਆਂ ਖੁਦਾਈਆਂ ਚੋਂ ਮਿਲੀਆਂ ਮੋਹਰਾਂ ਉੱਤੇ ਉਕਰੇ ਹੋਏ ਨਾਗਾਂ ਦੀਆਂ ਮੂਰਤੀਆਂ ਤੋਂ ਲਗ ਜਾਂਦਾ ਹੈ; ਪਰ ਬ੍ਰਾਹਮਣਵਾਦੀ ਲੇਖਕਾਂ ਨੇ ਨਾਗ ਜਾਤੀ ਦੇ ਲੋਕਾਂ ਨੂੰ ਨਾਗ (ਸੱਪ) ਜੀਵ ਨਾਲ ਗਡ-ਮਡ ਕਰਕੇ ਇਤਿਹਾਸ ਚ ਅਜਿਹਾ ਗੰਧਲਾਪਨ ਪੈਦਾ ਕੀਤਾ ਕਿ ਨਾਗ ਲੋਕਾਂ ਦਾ ' ਇਤਿਹਾਸ ਹੁੰਦੇ ਹੋਏ ਵੀ ਮਿਥਿਹਾਸ ' ਬਣ ਗਿਆ।

ਨਾਗ ਕੌਣ ਸਨ ? ਮਿਥਿਹਾਸ ਚ ਨਾਗਾਂ ਨੂੰ ਸਾਂਪ ਜਾਂ ਸੱਪ( Snakes) ਦੇ ਰੂਪ



ਹਰਮੇਸ਼ ਜੱਸਲ

ਵਿੱਚ ਦੱਸਿਆ ਗਿਆ ਹੈ। ਕੀ ਇਹ ਸੱਚ ਹੋ ਸਕਦਾ ਹੈ! ਬੋਧੀਆਂ ਦਾ ਪ੍ਰਮਾਣਿਕ ਸਾਹਿਤ, ਨਾਗਾਂ ਨਾਲ ਸਬੰਧਤ ਇਸ ਗੁੰਝਲਦਾਰ ਪ੍ਰਸ਼ਨ ਉੱਤੇ ਕਾਫ਼ੀ ਰੌਸ਼ਨੀ ਪਾਉਂਦਾ ਹੈ। ਇਹ ਕੁੱਖ ਤੋਂ ਪੈਦਾ ਹੋਏ ਨਾਗ ਅਤੇ ਅੰਡੇ ਤੋਂ ਪੈਦਾ ਹੋਏ ਨਾਗ ਚ ਫ਼ਰਕ ਦੱਸਦਾ ਹੈ ਅਤੇ ਸਪਸ਼ਟ ਕਰਦਾ ਹੈ ਕਿ ' ਨਾਗ' ਸ਼ਬਦ ਦੇ ਦੋ ਅਰਥ ਹਨ। ਇਸ ਸ਼ਬਦ ਦਾ ਮੂਲ ਅਰਥ ਮਨੁੱਖੀ ਸਮੂਹ ਦੇ ਲਈ ਵਰਤਿਆ ਗਿਆ ਹੈ।

ਨਾਗ ਲੋਕ, ਨਿਰਸੰਦੇਹ ਅਨ-ਆਰੀਆ ਸਨ। ਡਾਕਟਰ ਅੰਬੇਡਕਰ ਲਿਖਦੇ ਹਨ ਕਿ, " ਭਾਰਤ ਦਾ ਰਾਜਨੀਤਕ ਇਤਿਹਾਸ ਨਾਗ ਜਾਤੀ ਦੀ ਚੜ੍ਹਤ ਨਾਲ ਆਰੰਭ ਹੁੰਦਾ ਹੈ, ਜੋ ਸ਼ਕਤੀਸ਼ਾਲੀ ਲੋਕ ਸਨ, ਜਿਨ੍ਹਾਂ ਨੂੰ ਆਰੀਆ ਲੋਕ ਹਰਾ ਨਹੀਂ ਸਕੇ। ਆਰੀਆਂ ਨੇ ਨਾਗਾਂ ਨਾਲ ਸ਼ਾਂਤੀ ਸਮਝੌਤਾ ਕਰ ਲਿਆ ਅਤੇ ਉਨ੍ਹਾਂ ਨੂੰ ਬਰਾਬਰ ਸਨਮਾਣ ਦੇਣ ਲਈ ਮਜਬੂਰ ਹੋਣਾ ਪਿਆ। ਭਾਰਤ ਨੇ ਪ੍ਰਾਚੀਨ ਕਾਲ ਚ ਜੋ ਵੀ ਪ੍ਰਸਿੱਧੀ ਅਤੇ ਮਾਣ ਪ੍ਰਾਪਤ ਕੀਤਾ ਹੈ, ਉਸਦਾ ਪੂਰਾ ਮਾਣ ਅਨ-ਆਰੀਆ ਨਾਗਾਂ ਨੂੰ ਜਾਂਦਾ ਹੈ। ਇਹੀ ਉਹ ਲੋਕ ਹਨ, ਜਿਨ੍ਹਾਂ ਨੇ ਭਾਰਤ ਨੂੰ ਵਿਸ਼ਵ ਇਤਿਹਾਸ ਚ ਮਹਾਨ ਅਤੇ ਸ਼ਾਨਦਾਰ ਸਥਾਨ ਦੁਆਇਆ।"

ਪੰਡਿਤ ਸ੍ਰੀ ਦੀਕਸ਼ਿਤਿਆਰ ਨੇ ' ਰਮਾਇਣ ਵਿੱਚ ਦੱਖਣੀ ਭਾਰਤ ' ਲੇਖ ਚ ਲਿਖਿਆ ਹੈ, " ਨਾਗ---ਇਕ ਦੂਸਰਾ ਦੱਲ ਜੋ ਅਰਧ -ਦੈਵੀ ਸੀ ਤੇ ਜਿਸਦਾ ਗਣ ਚਿੰਨ੍ਹ ( totm) ਸੱਪ ਸੀ, ਪੱਛਮ-ਉੱਤਰ ਵਿਚ ਤਕਸ਼ਿਲਾ ਤੋਂ ਲੈ ਕੇ ਉੱਤਰ ਪੂਰਵ ਵਿੱਚ ਆਸਾਮ ਤੱਕ ਅਤੇ ਲੰਕਾਂ ਤੇ ਦੱਖਣੀ ਭਾਰਤ ਵਿੱਚ ਭਾਵ ਸਾਰੇ ਭਾਰਤ ਵਿੱਚ ਫੈਲੇ ਹੋਏ ਸਨ। "

ਸਪਸ਼ਟ ਹੈ ਕਿ ਤਖੀਆ (Takhya ) ਜਾਂ ਤਕ , ਪੰਜਾਬ ਦਾ ਉਹੀ ਰਾਜ ਸੀ, ਜਿੱਥੇ ਹਿਊਨ ਸਾਂਗ ਆਇਆ ਸੀ। ਤਖੀਆ ਨਾਗਾਂ ਨੂੰ ਸਰਿਆ (Sarya ) ਵੀ ਕਿਹਾ ਜਾਂਦਾ ਸੀ। ਸਤਲੁਜ ਤੇ ਬਿਆਸ ਦੀਆਂ ਘਾਟੀਆਂ ਦੇ ਵਿਚਾਲੇ, ਬਾਹਰੀ ਹਿਮਾਲਿਆ ਵਿਚ ਸਰਜ ਜਾਂ ਸਿਉਰਜ (Saraj or Seoraj ) ਨਾਂ ਦਾ ਇਲਾਕਾ ਹੈ, ਇਸ ਇਲਾਕੇ ਚ ਨਾਗ ਦੇਵਤਿਆਂ ਦੀ ਹੀ ਖ਼ਾਸ ਤੌਰ ਤੇ ਪੂਜਾ ਹੁੰਦੀ ਹੈ। ਉਪਰੀ ਚਿਨਾਬ ਘਾਟੀ ਵਿਚ ਇਕ ਹੋਰ ਸਿਉਰਜ ਹੈ, ਉਥੇ ਵੀ ਨਾਗ-ਪੂਜਣ ਵਾਲੇ ਲੋਕ ਰਹਿੰਦੇ ਹਨ।

ਹਿਮਾਲਿਆ ਪ੍ਰਦੇਸ਼ ਦੀਆਂ ਕੁਝ ਬੋਲੀਆਂ ਚ ਕਿਰ ਜਾਂ ਕਿਰੀ ਸ਼ਬਦ ਦਾ ਅਰਥ ਸੱਪ ਹੈ, ਬਹੁਤ ਸੰਭਵ ਹੈ ਕਿ ਕਿਰਾਤ ਸ਼ਬਦ ਇਸੇ ਤੋਂ ਬਣਿਆ ਹੋਵੇ, ਹਿਮਾਲਿਆ ਦੇ ਲੋਕਾਂ ਨੂੰ ਕਿਰਾਤ ਕਿਹਾ ਜਾਂਦਾ ਹੈ। ਕਾਂਗੜਾ ਘਾਟੀ ਵਿਚ ਬੈਜਨਾਥ ਮੰਦਿਰ ਹੈ, ਉੱਥੋਂ ਦੇ ਇਕ ਸ਼ਿਲਾਲੇਖ ਚ ਉਸ ਥਾਂ ਦਾ ਨਾਂ ' ਕਿਰ-ਗ੍ਰਾਮ' ਹੈ, ਉੱਥੋਂ ਦੀ ਸਥਾਨਕ ਬੋਲੀ ਚ ਇਸਦਾ ਸ਼ਬਦਾਰਥ ਹੋਵੇਗਾ --- ਸੱਪਾਂ ਦਾ ਪਿੰਡ। ਉਪਰੋਕਤ ਵਰਨਣ ਤੋਂ ਲੱਗਦਾ ਹੈ ਕਿ ਨਾਗ, ਸੱਪ (ਜੀਵ) ਹੋਣਗੇ ਪਰ ਰੌਬਰਟ ਸ਼ੈਫਰ ਨੇ ਆਪਣੀ ਪੁਸਤਕ ' Ethnography of anicent Inida ਚ ਲਿਖਿਆ ਹੈ ਕਿ, " ਸੰਸਕ੍ਰਿਤ ਸਾਹਿਤ ਚ ਨਾਗਾਂ ਨੂੰ ਸੁੰਦਰ ਅਤੇ ਅਕਲਮੰਦ ਦੱਸਿਆ ਗਿਆ ਹੈ। ਰਿਸ਼ੀ ਨਾਰਦ ਜਦੋਂ ਉੱਤਰ - ਪੱਛਮ ਵਿਚ ਸਥਿਤ, ਇਨ੍ਹਾਂ ਦੇ ਨਿਵਾਸ ਸਥਾਨ ਉਤੇ ਜਾਂਦਾ ਹੈ, ਇਸਨੂੰ ' ਇੰਦਰਪੁਰੀ ' ਨਾਲੋਂ ਵੀ ਖੂਬਸੂਰਤ ਦੱਸਦਾ ਹੈ। ਇਥੋਂ ਦੀਆਂ ਔਰਤਾਂ ਬਹੁਤ ਹੀ ਸੁੰਦਰ ਅਤੇ ਸੁਸ਼ੀਲ ਸਨ। ਇਸ ਲਈ ਨਾਗ ਕੰਨਿਆਵਾਂ, ਆਰੀਆ ਅਤੇ ਦ੍ਰਾਵਿੜ ਰਾਜਕੁਮਾਰਾਂ ਨਾਲ ਵਿਆਹੀਆਂ ਜਾਂਦੀਆਂ ਸਨ। ਪਾਂਡਵਾਂ ਦੀ ਮਾਂ ਕੁੰਤੀ ਨਾਗ ਕੰਨਿਆਂ ਸੀ ਅਤੇ ਅਯੁਧਿਆ ਦੇ ਮਧਾਤਰੀ ਦੇ ਪੁੱਤਰ ਦਾ ਨਾਗ ਕੁਮਾਰੀ ਨਾਲ ਵਿਆਹਿਆ ਹੋਇਆ ਸੀ। ਰਾਮ ਦੇ ਪੁੱਤਰ ਕੁਸ਼ ਦਾ ਵਿਆਹ ਨਾਗ ਰਾਜਕੁਮਾਰੀ ਕੁਮੁਦਵਤੀ ਨਾਲ ਹੋਇਆ ਸੀ। ਦ੍ਰੋਣਾਚਾਰੀਆ ਦੇ ਪੁੱਤਰ ਅਸ਼ਵਥਾਮਾ ਦਾ ਵਿਆਹ ਵੀ ਨਾਗ ਕੁਮਾਰੀ ਅਤੇ ਅਰਜੁਨ ਦਾ ਵਿਆਹ ਅਲੂਪੀ ਨਾਗ ਕੁਮਾਰੀ ਨਾਲ ਹੋਇਆ ਸੀ। " ਜੇਕਰ ਨਾਗ ਲੋਕ ਸਿਰਫ਼ ਸੱਪ ਹੁੰਦੇ ਤਾਂ ਇਨ੍ਹਾਂ ਦੇ ਵਿਆਹ ਮਨੁੱਖਾਂ ਨਾਲ ਕਿਵੇਂ ਹੋ ਸਕਦੇ ਹਨ ?






### ਲੇਖਕ ਨਾਲ ਜਾਣ-ਪਹਿਚਾਣ

ਸ੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ :** ਉਨ੍ਹਾਂ ਦਾ ਜਨਮ, ਪਿਤਾ ਸ੍ਰੀ ਨਾਨਕ ਚੰਦ, ਮਾਤਾ ਸ੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐੱਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ :** ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ :** ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਛੇੜੇ ਸੰਘਰਸ਼ 'ਚ ਸ੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ :** ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗ਼ਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ :** ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ :** ਸ੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜੇਸ਼ਨਜ਼ (ਯੂ.ਕੇ.)

ISBN: 978-93-344-8361-0

ਮਲਿੰਦ ਪ੍ਰਕਾਸ਼ਨ ਜਲੰਧਰ

ਨਾਗ ਰਾਜਿਆਂ ਨੇ ਬਹੁਤ ਵੱਡੇ ਸਾਮ-ਰਾਜ ਦੀ ਨੀਂਹ ਰੱਖੀ! ਮੋਟੇ ਤੌਰ ਤੇ ਬਿਹਾਰ,ਆਗਰਾ ਅਤੇ ਅਵਧ ਦੇ ਦੋਵੇਂ ਪ੍ਰਦੇਸ਼, ਬੁੰਦੇਲਖੰਡ, ਮੱਧ ਪ੍ਰਦੇਸ਼, ਮਾਲਵਾ, ਰਾਜਪੂਤਾਨਾ ਅਤੇ ਪੂਰਵੀ ਪੰਜਾਬ ਦਾ ਮਦੁਰ ਲੋਕਤੰਤਰ, ਸੱਭ ਭਾਰਸ਼ਿਵਾਂ( ਨਾਗ ਵੰਸ਼ੀ) ਦੇ ਸਾਮਰਾਜ ਅਧੀਨ ਸਨ। ਨਾਗ ਵੰਸ਼ੀ ਰਾਜਿਆਂ ਦੇ ਅਧੀਨ ਪੰਜਾਬ, ਜੰਮੂ ਕਸ਼ਮੀਰ, ਹਿਮਾਚਲ, ਹਰਿਆਣਾ ਅਤੇ ਪਾਕਿਸਤਾਨ ਦਾ ' ਤੱਕ' ਇਲਾਕਾ ਵੀ ਆਉਂਦਾ ਸੀ। ਪੰਜਾਬ ਚ ਟਾਕ-ਨਾਗਾਂ ਦਾ ਰਾਜ ਸੀ। ਨਾਗ ਰਾਜਿਆਂ ਦਾ ਕੁਲ ਸਮਾਂ 110 ਈਸਾ ਪੂਰਵ ਤੋਂ 78 ਈਸਵੀ ਤੱਕ ਲਗਭਗ 200 ਸਾਲ ਬਣਦਾ ਹੈ। ਭਾਰਤ ਦੀਆਂ ਮੂਰਤੀ ਕਲਾ, ਸ਼ਿਲਾਲੇਖਾਂ ਅਤੇ ਬੋਧੀ ਸਰੋਤਾਂ ਤੋਂ ਨਾਗ ਰਾਜਿਆਂ, ਨਾਗ ਸੰਸਕ੍ਰਿਤੀ ਅਤੇ ਬੁੱਧ ਧਰਮ ਵਿਚਲੇ ਸੰਬੰਧਾਂ ਨੂੰ ਭਲੀਭਾਂਤ ਜਾਣਿਆ ਜਾ ਸਕਦਾ ਹੈ।

ਨਾਗ ਰਾਜਿਆਂ ਅਤੇ ਲੋਕਾਂ ਦਾ ਬੁੱਧ ਅਤੇ ਉਨ੍ਹਾਂ ਦੇ ਧੱਮ ਨਾਲ ਗੂੜ੍ਹਾ ਸਬੰਧ ਰਿਹਾ ਹੈ। ਬੁੱਧ ਕਾਲ ਵਿੱਚ ' ਕਾਲ ਨਾਗ ਤੇ ਮੁਚਲਿੰਦ ਨਾਗ' ਦਾ ਬੁੱਧ ਨਾਲ ਸਿੱਧਾ ਸਬੰਧ ਰਿਹਾ ਹੈ। ਮਹਾਰਾਜਾ ਅਸ਼ੋਕ ਨੇ ਅੱਠਾਂ ਵਿਚੋਂ ਸੱਤ ਸਤੂਪਾਂ ਨੂੰ ਖੋਲ ਕੇ ਬੁੱਧ ਦੀਆਂ ਅਸਥੀਆਂ ਪ੍ਰਾਪਤ ਕੀਤੀਆਂ ਪਰ ਅੱਠਵੇਂ ਸਤੂਪ ਨੂੰ ਨਹੀਂ ਛੇੜਿਆ ਗਿਆ ਕਿਉਂਕਿ ਉਸ ਦੀ ਰਾਖੀ ਨਾਗ ਖੁਦ ਕਰ ਰਹੇ ਸਨ। ਬਾਬਾ ਸਾਹਿਬ ਮੰਨਦੇ ਸਨ ਕਿ ਨਾਗ ਲੋਕ ਬੋਧੀ ਸਨ , ਇਸੇ ਕਰਕੇ ਉਨ੍ਹਾਂ ਨੇ 14 ਅਕਤੂਬਰ 1956 ਨੂੰ ਨਾਗਾਂ ਦੀ ਧਰਤੀ ਨਾਗਪੁਰ ਵਿਖੇ ਪੰਜ ਲੱਖ ਲੋਕਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ ਸੀ। ਪਰ ਭਾਰਤੀ ਇਤਿਹਾਸ ਦਾ ਬਹੁਤ ਦੁੱਖਦਾਈ ਪਹਿਲੂ ਇਹ ਹੈ ਕਿ ਇਥੇ ਹਮੇਸ਼ਾ ਦੋ ਸੰਸਕ੍ਰਿਤੀਆਂ ਦਾ ਸੱਤਾ ਪ੍ਰਾਪਤੀ ਲਈ ਸੰਘਰਸ਼ ਰਿਹਾ ਹੈ। ਬਾਬਾ ਸਾਹਿਬ ਕਹਿੰਦੇ ਹਨ ਕਿ," ਭਾਰਤ ਦਾ ਇਤਿਹਾਸ ਹੋਰ ਕੁਝ ਨਹੀਂ, ਸਿਰਫ਼ ਬੁੱਧ ਧਰਮ ਅਤੇ ਬ੍ਰਾਹਮਣਵਾਦ ਵਿਚਕਾਰ ਜਾਤੀ-ਸੰਘਰਸ਼ ਦਾ ਇਤਿਹਾਸ ਹੈ।" ਬਾਬਾ ਸਾਹਿਬ ਸਮਝਦੇ ਹਨ ਕਿ ਇਨ੍ਹਾਂ ਬੋਧੀ ਲੋਕਾਂ ਨੂੰ ਅਛੂਤ ਦੇ ਦਰਜੇ ਤੱਕ ਗਿਰਾ ਦਿੱਤਾ ਗਿਆ ਭਾਵ ਅੱਜ ਦੇ ਅਛੂਤ ਪ੍ਰਾਚੀਨ ਕਾਲ ਦੇ ਬੋਧੀ ਹਨ। ਨਾਗ ਲੋਕ, ਭਾਰਤ ਦੇ ਮੂਲ ਨਿਵਾਸੀਆਂ ਦੀ ਸੰਤਾਨ ਸਮਝੇ ਜਾਂਦੇ ਹਨ। ਇਨ੍ਹਾਂ ਦੇ ਆਪਣੇ ਸਾਮਰਾਜ ਅਤੇ ਆਪਣੀ ਸੰਸਕ੍ਰਿਤੀ ਸੀ, ਜਿਸਨੂੰ ਆਰੀਆਂ ਲੋਕਾਂ ਨੇ ਮਨੂੰ ਸਮ੍ਰਿਤੀ ਰਾਹੀਂ ਦਬਾ ਕੇ ਸਦੀਆਂ ਤੱਕ ਗੁਲਾਮ ਬਣਾਈ ਰੱਖਿਆ। ਡਾਕਟਰ ਅੰਬੇਡਕਰ ਦੇ ਸੰਘਰਸ਼ ਸਦਕਾ ਅਤੇ ਬਹੁਜਨ ਮਹਾਂਪੁਰਸ਼ਾਂ ਦੀ ਬਦੌਲਤ ਅੱਜ ਫਿਰ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਰਹੇ ਹਨ। ਇਹ ਕ੍ਰਾਂਤੀ ਅਤੇ ਪ੍ਰਤੀ ਕ੍ਰਾਂਤੀ ਦਾ ਸਿਲਸਿਲਾ ਪਤਾ ਨਹੀਂ ਕਦੋਂ ਤੱਕ ਚੱਲਦਾ ਰਹੇਗਾ।

(ਚਲਦਾ)

# ਸੁਰਿੰਦਰ ਰਾਵਲਪਿੰਡੀ ਸਰਬਸੰਮਤੀ ਨਾਲ ਬਣੇ ਅੰਬੇਡਕਰ ਸੈਨਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ

## ਹਲਵਿੰਦਰ ਸੋਨੂ ਨੂੰ ਦਿਹਾਤੀ ਪ੍ਰਧਾਨ ਅਤੇ ਆਸ਼ੂ ਮੱਟੂ ਨੂੰ ਸ਼ਹਿਰੀ ਪ੍ਰਧਾਨ ਕੀਤਾ ਨਿਯੁਕਤ

**ਫਗਵਾੜਾ 6 ਜੂਨ ( ਚਰਨਜੀਤ ਸੱਲ੍ਹਾ )** ਅੰਬੇਡਕਰ ਸੈਨਾ ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਰਜਿੰਦਰ ਘੇੜਾ ਅਤੇ ਪੰਜਾਬ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ ਹੇਠ ਹੋਈ ਹੁਸ਼ਿਆਰਪੁਰਰੋਡ ਫਗਵਾੜਾ ਵਿਖੇ ਹੋਈ। ਮੀਟਿੰਗ ਦੌਰਾਨ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸੀਨੀਅਰ ਆਗੂ ਸੁਰਿੰਦਰ ਰਾਵਾਲਪਿੰਡੀ ਨੂੰ ਅੰਬੇਡਕਰ ਸੈਨਾ ਪੰਜਾਬ ਦਾ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਹਰਵਿੰਦਰ ਕੁਮਾਰ ਸੋਨੂ ਨੂੰ ਫਗਵਾੜਾ ਦਿਹਾਤੀ ਦਾ ਪ੍ਰਧਾਨ ਅਤੇ ਆਸ਼ੂ ਮੱਟੂ ਨੂੰ ਫਗਵਾੜਾ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ।



ਇਸ ਮੌਕੇ ਚੇਅਰਮੈਨ ਰਜਿੰਦਰ ਘੇੜਾ ਅਤੇ ਪ੍ਰਧਾਨ ਸੁਰਿੰਦਰ ਢੰਡਾ ਨੇ ਕਿਹਾ ਕਿ ਅੰਬੇਡਕਰ ਸੈਨਾ ਪੰਜਾਬ ਨੂੰ ਸੂਬੇ ਅੰਦਰ ਮਜ਼ਬੂਤ ਕਰਨ ਲਈ ਜਲਦੀ ਹੀ ਵੱਖ ਵੱਖ ਜ਼ਿਲਿਆਂ ਵਿੱਚ ਮੀਟਿੰਗਾਂ ਕਰਕੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਤੇ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ ਅਤੇ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਅੱਗੇ ਲਿਆਂਦਾ ਜਾਵੇਗਾ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਰਾਵਲਪਿੰਡੀ, ਹਰਵਿੰਦਰ ਕੁਮਾਰ ਸੋਨੂ ਨੂੰ ਦਿਹਾਤੀ ਦਾ ਪ੍ਰਧਾਨ ਅਤੇ ਸ਼ਹਿਰੀ ਪ੍ਰਧਾਨ ਆਸ਼ੂ ਮੱਟੂ ਨੇ ਵਿਸ਼ਵਾਸ ਦਿਵਾਇਆ ਕਿ ਅੰਬੇਡਕਰ ਸੈਨਾ ਦੀ ਮਜ਼ਬੂਤੀ ਅਤੇ ਸਮਾਜ ਦੀ ਸੇਵਾ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਸਾਥੀਆਂ ਅਤੇ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ ਅਤੇ ਨਵੀਂ ਟੀਮ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਧਰਮਿੰਦਰ ਸਿੰਘ ਭੁੱਲਾਰਾਈ ਸੀਨੀਅਰ ਆਗੂ ਤੇ ਮੁੱਖ ਬੁਲਾਰਾ, ਮੌਂਟੀ ਮਹਿਮੀ ਯੂਥ ਆਗੂ, ਹਰਵਿੰਦਰ ਕੁਮਾਰ, ਗੌਰਵ ਰੱਤੀ, ਲਖਵੀਰ, ਜਿੰਦਰ ਵਿਰਕ, ਸਰਬਜੀਤ, ਮਨਜੋਤ, ਰਾਜਿੰਦਰ ਬੈਂਸ,ਸੂਰਜ ਬੈਂਸ,ਵਿਵੇਕ ਸੋਢੀ, ਬਲਬੀਰ ਗੁਰੂ, ਮਨਜਿੰਦਰ ਪਾਲ ਸਿੰਘ, ਸੁਰਿੰਦਰ ਪਾਲ ਤੋਂ ਇਲਾਵਾ ਹੋਰ ਵੀ ਵਰਕਰ ਤੇ ਆਗੂ ਹਾਜ਼ਰ ਸਨ।**ਤਸਵੀਰ ਸਮੇਤ**

# ਬਸਪਾ ਦੀ ਜਥੇਬੰਦਕ ਸਮੀਖਿਆ ਮੀਟਿੰਗ ਲੁਧਿਆਣਾ ਵਿਖੇ ਹੋਈ; ਵਰਕਰਾਂ ਨੂੰ ਪਾਰਟੀ ਢਾਂਚਾ ਮਜ਼ਬੂਤ ਕਰਨ ਦਾ ਸੱਦਾ: ਡਾਕਟਰ ਕਰੀਮਪੁਰੀ



**ਲੁਧਿਆਣਾ 6 ਜੂਨ (ਚਰਨਜੀਤ ਸੱਲ੍ਹਾ**)ਬਹੁਜਨ ਸਮਾਜ ਪਾਰਟੀ (ਬਸਪਾ) ਦੇ ਜਥੇਬੰਦਕ ਢਾਂਚੇ ਨੂੰ ਪਿੰਡ, ਵਿਧਾਨ ਸਭਾ ਸੈਕਟਰ ਅਤੇ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਲੁਧਿਆਣਾ ਵਿਖੇ ਇੱਕ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਬਸਪਾ ਦੇ ਪੰਜਾਬ ਪ੍ਰਧਾਨ ਡਾਕਟਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਵਰਕਰਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਕਰੀਮਪੁਰੀ ਨੇ 'ਸਿਰ' (ਸ਼੍ਰੀ) ਦੀ ਪ੍ਰਕਿਰਿਆ ਲਈ ਬੂਥ ਲੈਵਲ ਏਜੰਟਾਂ (ਭ.ਲਅ) ਨੂੰ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਹਰ ਇੱਕ ਵਰਕਰ ਨੂੰ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਮੈਦਾਨ ਵਿੱਚ ਨਿੱਤਰਨ ਲਈ ਪ੍ਰੇਰਿਤ ਕੀਤਾ। ਮੀਟਿੰਗ ਦੌਰਾਨ ਸੰਗਠਨ ਦੇ ਕੰਮਾਂ ਨੂੰ ਹੋਰ ਤੇਜ਼ ਕਰਨ ਲਈ ਆਗੂਆਂ ਦੀਆਂ ਅਹਿਮ ਡਿਊਟੀਆਂ ਵੀ ਲਗਾਈਆਂ ਗਈਆਂ।ਇਸ ਮੀਟਿੰਗ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸੀ, ਜਿਨ੍ਹਾਂ ਵਿੱਚ ਸਟੇਟ ਜਨਰਲ ਸੈਕਟਰੀ ਬਲਵਿੰਦਰ ਬਿੱਟਾ, ਸਟੇਟ ਜਨਰਲ ਸੈਕਟਰੀ ਕੁਲਵੰਤ ਸਿੰਘ ਮਹਤੋ, ਲੋਕ ਸਭਾ ਇੰਚਾਰਜ ਜੀਤ ਰਾਮ ਬਸਰਾ, ਲੋਕ ਸਭਾ ਇੰਚਾਰਜ ਪਰਗਨ ਬਿਲਗਾ, ਅਮਨਦੀਪ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਜੱਸੀ, ਮਾਸਟਰ ਰਾਜ ਕੁਮਾਰ,ਸੋਨੂ ਅੰਬੇਦਕਰ, ਇਦਰੇਸ਼ ਕੁਮਾਰ, ਕਪਿਲ ਕੁਮਾਰ,ਚੋਬਦਾਰਾਂ, ਜਗਤਾਰ ਸਿੰਘ, ਰਜਿੰਦਰ ਸਿੰਘ, ਮਾਸਟਰ ਨਾਹਰ ਸਿੰਘ ਅਤੇ ਬਿੱਟੂ ਸ਼ੇਰਪੁਰੀਆ ਸਮੇਤ ਕਈ ਹੋਰ ਪ੍ਰਮੁੱਖ ਆਗੂ ਤੇ ਵਰਕਰ ਹਾਜ਼ਰ ਸਨ।



# ਡੀ ਐਸ ਪੀ ਪਟਿਆਲਾ ਨੇ ਲਾਠੀਚਾਰਜ ਇਸ ਤਰ੍ਹਾਂ ਕੀਤਾ ਜਿਸ ਤਰ੍ਹਾਂ ਕਿਸੇ ਮੁਜਰਮ ਨੂੰ ਸਜ਼ਾ ਦਿੰਦੇ ਹੋਣ -ਮਲਕੀਤ ਚੁੰਬਰ

**ਨਕੋਦਰ( ਚਰਨਜੀਤ ਸੱਲ੍ਹਾ** )ਇਹ ਨੌਜਵਾਨ ਕੀ ਅੱਤਵਾਦੀ ਹਨ ਜ਼ਾਲਮ ਡੀ ਐਸ ਪੀ ਪਟਿਆਲਾ ਦੱਸੇ ਮਲਕੀਤ ਚੁੰਬਰ ਪਟਿਆਲੇ ਵਿਖੇ ਸੰਵਿਧਾਨਕ ਹੱਕਾਂ ਵਿੱਚ ਰਹਿ ਕੇ ਸ਼ਾਂਤੀ ਮਈ ਧਰਨਾ ਪ੍ਰਦਰਸ਼ਨ ਕਰਦੇ ਨੌਜਵਾਨ ਮੁੰਡੇ ਕੁੜੀਆਂ ਤੇ ਇਸ ਤਰ੍ਹਾਂ ਲਾਠੀਚਾਰਜ ਕੀਤਾ ਜਿਵੇਂ ਉਹ ਅੱਤਵਾਦੀ ਹੋਣ ਸਮਾਜ ਸੇਵਕ ਮਲਕੀਤ ਚੁੰਬਰ ਨੇ ਕਿਹਾ ਕਿ ਜ਼ਾਲਮ ਡੀ ਐਸ ਪੀ ਨੂੰ ਇਸ ਦਾ ਜੁਆਬ ਦੇਣਾ ਚਾਹੀਦਾ ਕੀ ਇਹ ਨੌਜਵਾਨ ਅੱਤਵਾਦੀ ਸਨ ਜਿਨਾ ਤੇ ਇਹਨੀ ਵਹਿਸ਼ੀਆਂਨਾ ਤਰੀਕੇ ਦਾ ਤਸ਼ੱਸਦ ਕੀਤਾ ਗਿਆ



ਇਹੋ ਜਿਹੇ ਜ਼ਾਲਮ ਪੁਲਿਸ ਮੁਲਾਜ਼ਮ ਕਨੂੰਨ ਦੀਆਂ ਖ਼ੁਦ ਧੱਜੀਆਂ ਉਡਾਉਂਦੇ ਹਨ ਲੋਕਾਂ ਨੂੰ ਕਨੂੰਨ ਸਮਝਾਉਂਦੇ ਹਨ ਇਨ੍ਹਾਂ ਨੂੰ ਨੋਕਰੀ ਤੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਜਿਹੜੇ ਖੁਦ ਸੰਵਿਧਾਨ ਦੀ ਉਲੰਘਣਾ ਕਰਨ ਕੀ ਇਹਨਾਂ ਨੌਜਵਾਨਾਂ ਦਾ ਪੜ ਲਿਖ ਕੇ ਪੰਜਾਬ ਸਰਕਾਰ ਕੋਲੋਂ ਰੁਜ਼ਗਾਰ ਦੀ ਮੰਗ ਕਰਨਾ ਬਹੁਤ ਵੱਡਾ ਕੋਈ ਅਪਰਾਧ ਹੈ ਜਿਹੜਾ ਇਹਨਾਂ ਨੌਜਵਾਨਾਂ ਉੱਤੇ ਵਹਿਸ਼ੀਆਨਾਂ ਨਾਲ ਢੰਗ ਨਾਲ ਪੁਲਿਸ ਨੇ ਛੱਲੀਆਂ ਵਾਂਗ ਕੁਟਿਆ ਨੌਜਵਾਨਾਂ ਨੂੰ।

# ਸਾਊਥੈਂਪਟਨ ਕਤਲ ਕਾਂਡ ਦੇ ਦੋਸ਼ੀ ਦੀ ਪੁਰਾਣੀ ਵੀਡੀਓ ਆਈ ਸਾਹਮਣੇ

**ਲੈਸਟਰ (ਇੰਗਲੈਂਡ), 6 ਜੂਨ (ਸੁਖਜਿੰਦਰ ਸਿੰਘ ਢੱਡੇ)–** ਸਾਊਥੈਂਪਟਨ ਵਿੱਚ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਦੇ ਦੋਸ਼ ਵਿੱਚ 21 ਸਾਲ ਦੀ ਸਜ਼ਾ ਪ੍ਰਾਪਤ ਕਰ ਚੁੱਕੇ ਵਿਕਰਮ ਦਿਗਵਾ ਨਾਲ ਸੰਬੰਧਿਤ ਇੱਕ ਪੁਰਾਣੀ ਵੀਡੀਓ ਸਾਹਮਣੇ ਆਈ ਹੈ। ਇਹ ਵੀਡੀਓ ਅਕਤੂਬਰ 2022 ਦੀ ਹੈ, ਜਿਸ ਵਿੱਚ ਦੋ ਵਿਅਕਤੀ ਇੱਕ ਘਰ ਦੇ ਪਿਛਲੇ ਬਾਗ ਵਿੱਚ ਏਅਰ ਗਨ ਅਤੇ ਏਅਰ ਪਿਸਤੌਲ ਨਾਲ ਨਿਸ਼ਾਨਾ ਲਗਾਉਂਦੇ ਦਿਖਾਈ ਦੇ ਰਹੇ ਹਨ।

ਰਿਪੋਰਟ ਮੁਤਾਬਕ ਵੀਡੀਓ ਇੱਕ ਗਵਾਢੀ ਵੱਲੋਂ ਬਣਾਈ ਗਈ ਸੀ, ਜਿਸ ਨੇ ਦਾਅਵਾ ਕੀਤਾ ਕਿ ਗੋਲੀ ਚੱਲਣ ਦੀਆਂ ਆਵਾਜ਼ਾਂ ਸੁਣਨ ਤੋਂ ਬਾਅਦ ਉਸ ਨੇ



ਵਿਕਰਮ ਦਿਗਵਾ ਦੀ ਪੁਰਾਣੀ ਵੀਡੀਓ ਦੀ ਇਕ ਤਸਵੀਰ.
ਤਸਵੀਰ:- ਸੁਖਜਿੰਦਰ ਸਿੰਘ ਢੱਡੇ

ਇਹ ਦ੍ਰਿਸ਼ ਰਿਕਾਰਡ ਕੀਤਾ ਅਤੇ ਪੁਲਿਸ ਨੂੰ ਸੂਚਿਤ ਵੀ ਕੀਤਾ ਸੀ। ਹਾਲਾਂਕਿ ਪੁਲਿਸ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਉਸ ਸਮੇਂ ਦੀ ਕੋਈ ਰਿਪੋਰਟ ਮੌਜੂਦ ਨਹੀਂ ਹੈ।ਹੈਨਰੀ ਨੋਵਾਕ ਦੀ ਦਸੰਬਰ ਵਿੱਚ ਹੋਈ ਮੌਤ ਤੋਂ ਬਾਅਦ ਕੀਤੀ ਗਈ ਪੁਲਿਸ ਜਾਂਚ ਦੌਰਾਨ ਦਿਗਵਾ ਦੇ ਘਰ ਤੋਂ ਇੱਕ ਏਅਰ ਪਿਸਤੌਲ ਵੀ ਬਰਾਮਦ ਹੋਈ ਸੀ। ਮੁਕੱਦਮੇ ਦੌਰਾਨ ਅਭਿਯੋਗ ਪੱਖ ਵੱਲੋਂ ਦਿਗਵਾ ਨੂੰ "ਹਥਿਆਰਾਂ ਦਾ ਸ਼ੌਕੀਨ" ਦੱਸਿਆ ਗਿਆ ਸੀ।ਇਸੇ ਦੌਰਾਨ ਦਿਗਵਾ, ਉਸ ਦੇ ਭਰਾ ਅਤੇ ਪਿਤਾ ਖ਼ਿਲਾਫ਼ ਹਥਿਆਰਾਂ ਨਾਲ ਸੰਬੰਧਿਤ ਵੱਖਰੇ ਮਾਮਲੇ ਵੀ ਅਦਾਲਤ ਵਿੱਚ ਵਿਚਾਰ ਅਧੀਨ ਹਨ, ਜਿਨ੍ਹਾਂ ਦੀ ਅਗਲੀ ਸੁਣਵਾਈ 9 ਜੁਲਾਈ ਨੂੰ ਹੋਣੀ ਹੈ।

# ਬਿਮਾਰੀ ਦਾ ਬਹਾਨਾ ਬਣਾ ਕੇ ਵਿਦੇਸ਼ ਘੁੰਮਣ ਗਿਆ ਅਧਿਆਪਕ, ਸਬੂਤ ਮਿਟਾਉਣ ਲਈ ਪਾਸਪੋਰਟ ਦੇ ਪੰਨੇ ਪਾੜਨ ਕਰਕੇ ਫੜਿਆ ਗਿਆ

**ਲੈਸਟਰ (ਇੰਗਲੈਂਡ), 6 ਜੂਨ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਸਾਊਥ ਯਾਰਕਸ਼ਾਇਰ ਵਿੱਚ ਇਕ ਸਕੂਲ ਅਧਿਆਪਕ ਵੱਲੋਂ ਬਿਮਾਰੀ ਦਾ ਬਹਾਨਾ ਬਣਾ ਕੇ ਵਿਦੇਸ਼ ਘੁੰਮਣ ਜਾਣ ਅਤੇ ਬਾਅਦ ਵਿੱਚ ਸਬੂਤ ਲੁਕਾਉਣ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਟ੍ਰਿਬਿਊਨਲ ਦੀ ਸੁਣਵਾਈ ਦੌਰਾਨ ਪਤਾ ਲੱਗਾ ਕਿ ਲਿਸਟਰਡੇਲ ਜੂਨੀਅਰ ਅਕੈਡਮੀ ਵਿੱਚ ਪੜ੍ਹਾਉਣ ਵਾਲੇ ਜੋਅ ਵਿਲਸਨ ਨੇ ਮਈ 2023 ਵਿੱਚ ਸਕੂਲ ਨੂੰ ਦੱਸਿਆ ਸੀ ਕਿ ਉਹ ਬਿਮਾਰ ਹੈ ਅਤੇ ਕੰਮ 'ਤੇ ਨਹੀਂ ਆ ਸਕਦਾ।

ਅਧਿਆਪਕ ਨੇ ਸਕੂਲ ਨੂੰ ਸੁਨੇਹਾ ਭੇਜ ਕੇ ਕਿਹਾ ਕਿ ਉਹ ਪੂਰੀ ਰਾਤ ਬਿਮਾਰ ਰਿਹਾ ਹੈ ਅਤੇ ਕੁਝ ਖਾ-ਪੀ ਵੀ ਨਹੀਂ ਸਕਦਾ। ਪਰ ਇਸੇ ਸਮੇਂ ਉਹ ਆਪਣੇ ਦੋਸਤ ਦੀ ਵਿਆਹ ਤੋਂ ਪਹਿਲਾਂ ਹੋਣ ਵਾਲੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੁਰਤਗਾਲ ਚਲਾ ਗਿਆ।

ਮਾਮਲੇ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਸਕੂਲ ਦੇ ਇਕ ਕਰਮਚਾਰੀ ਨੇ ਸੋਸ਼ਲ ਮੀਡੀਆ 'ਤੇ ਉਸ ਦੀਆਂ ਤਸਵੀਰਾਂ ਦੇਖੀਆਂ, ਜਿਨ੍ਹਾਂ ਵਿੱਚ ਉਹ ਹਵਾਈ ਅੱਡੇ 'ਤੇ ਹੱਥ ਵਿੱਚ ਬੀਅਰ ਫੜੀ ਖੜ੍ਹਾ ਦਿਖਾਈ ਦੇ ਰਿਹਾ ਸੀ। ਸ਼ੁਰੂ ਵਿੱਚ ਉਸ ਨੇ ਦਾਅਵਾ ਕੀਤਾ ਕਿ ਤਸਵੀਰਾਂ ਪੁਰਾਣੀਆਂ ਹਨ, ਪਰ ਬਾਅਦ ਵਿੱਚ ਉਸ ਨੇ ਆਪਣੀ ਗਲਤੀ ਮੰਨ ਲਈ।

ਜਾਂਚ ਦੌਰਾਨ ਇਹ ਵੀ ਸਾਹ- ਮਣੇ ਆਇਆ ਕਿ ਉਸ ਨੇ ਵਿਦੇਸ਼ ਯਾਤਰਾ ਦੇ ਸਬੂਤ ਲੁਕਾਉਣ ਲਈ ਆਪਣੇ ਪਾਸਪੋਰਟ ਦੇ ਕੁਝ ਪੰਨੇ ਵੀ ਪਾੜ ਦਿੱਤੇ ਸਨ। ਟ੍ਰਿਬਿਊਨਲ ਨੇ ਕਿਹਾ ਕਿ ਅਧਿਆਪਕ ਨੇ ਸਕੂਲ ਨੂੰ ਜਾਣ-ਬੁੱਝ ਕੇ ਗੁੰਮਰਾਹ ਕੀਤਾ ਅਤੇ ਉਸ ਦਾ ਵਿਹਾਰ ਅਧਿਆਪਕ ਪੇਸ਼ੇ ਦੇ ਮਿਆਰਾਂ ਦੇ ਅਨੁਕੂਲ ਨਹੀਂ ਸੀ।ਹਾਲਾਂਕਿ ਟ੍ਰਿਬਿਊਨਲ ਨੇ ਉਸ 'ਤੇ ਅਧਿਆਪਨ ਕਰਨ ਦੀ ਪਾਬੰਦੀ ਨਹੀਂ ਲਗਾਈ, ਪਰ ਮਾਮਲੇ ਦੇ ਵੇਰਵੇ ਜਨਤਕ ਕਰਨ ਦਾ ਫ਼ੈਸਲਾ ਕੀਤਾ ਹੈ।

# ਰੋਪੜ੍ਹ -ਬਲਾਚੌਰ ਨੈਸ਼ਨਲ ਹਾਈਵੇ 'ਤੇ ਪਿੰਡ ਲੋਹਟ ਨੇੜੇ ਟਰੈਕਟਰ-ਟਰਾਲੀ ਪਲਟੀ, ਵੱਡਾ ਜਾਮ ਲੱਗਿਆ; ਐਸ ਐਸ ਐਫ ਟੀਮ ਨੇ ਮੌਕੇ 'ਤੇ ਪਹੁੰਚ ਕੇ ਖੁਲ੍ਹਵਾਇਆ ਰਸਤਾ

**ਨਵਾਸ਼ਹਿਰ /ਕਾਠਗੜ੍ਹ , 5 ਜੂਨ (ਜਤਿੰਦਰ ਪਾਲ ਸਿੰਘ ਕਲੇਰ )** : ਰੋਪੜ੍ਹ - ਬਲਾਚੌਰ ਨੈਸ਼ਨਲ ਹਾਈਵੇ 'ਤੇ ਪਿੰਡ ਲੋਹਟ ਦੇ ਨੇੜੇ ਇੱਕ ਟਰੈਕਟਰ-ਟਰਾਲੀ ਸੜਕ ਦੇ ਵਿਚਕਾਰ ਅਚਾਨਕ ਪਲਟ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਹਾਦਸੇ ਕਾਰਨ ਸੜਕ 'ਤੇ ਲੰਮਾ ਜਾਮ ਲੱਗ ਗਿਆ, ਜਿਸ ਕਾਰਨ ਰਾਹਗੀਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੜਕ ਸੁਰੱਖਿਆ ਫੋਰਸ ਰੂਟ ਨੰਬਰ 88403 (ਬਲਾਚੌਰ ਤੋਂ ਰੋਪੜ ਹੈੱਡ) ਦੇ ਇੰਚਾਰਜ ਏ.ਐੱਸ.ਆਈ. ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਰਾਹਗੀਰ ਵੱਲੋਂ ਸੂਚਨਾ ਮਿਲੀ ਸੀ ਕਿ ਪਿੰਡ ਲੋਹਟ ਕੋਲ ਮੁੱਖ ਸੜਕ ਉੱਪਰ ਇੱਕ ਟਰਾਲੀ ਪਲਟ ਗਈ ਹੈ, ਜਿਸ ਤੋਂ ਬਾਅਦ ਐੱਸ.ਐੱਸ.ਐੱਫ. ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ।

ਮੌਕੇ 'ਤੇ ਜਾ ਕੇ ਦੇਖਿਆ ਗਿਆ ਕਿ ਇੱਕ ਟਰੈਕਟਰ-ਟਰਾਲੀ (ਨੰਬਰ: ਪੀ ਬੀ -29-ਟੀ-2921) ਅਚਾਨਕ ਸੰਤੁਲਨ ਵਿਗੜਨ ਕਾਰਨ ਸੜਕ ਦੇ ਵਿਚਕਾਰ ਹੀ ਪਲਟ ਗਈ ਸੀ। ਇਸ ਟਰੈਕਟਰ-ਟਰਾਲੀ ਨੂੰ ਆਲਮਦੀਨ ਪੁੱਤਰ ਰੋਸ਼ਨਦੀਨ, ਵਾਸੀ ਭਾਰਟਾ ਖੁਰਦ (ਰਾਹੋਂ) ਚਲਾ ਰਿਹਾ ਸੀ। ਹਾਦਸੇ ਕਾਰਨ ਹਾਈਵੇ 'ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ ਸਨ।

ਐਸ ਐਸ ਐਫ ਟੀਮ ਵੱਲੋਂ ਬਿਨਾਂ ਕੋਈ ਸਮਾਂ ਗਵਾਏ ਤੁਰੰਤ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਨੂੰ ਮੌਕੇ 'ਤੇ ਬੁਲਾਇਆ ਗਿਆ। ਬਹੁਤ ਹੀ ਮੁਸਤੈਦੀ ਨਾਲ ਟਰੈਕਟਰ-ਟਰਾਲੀ ਨੂੰ ਸੜਕ ਤੋਂ ਪਾਸੇ ਕਰਵਾਇਆ ਗਿਆ ਅਤੇ



ਜਾਮ ਨੂੰ ਖੁਲ੍ਹਵਾ ਕੇ ਟ੍ਰੈਫਿਕ ਵਿਵਸਥਾ ਨੂੰ ਦੁਬਾਰਾ ਸੁਚਾਰੂ ਢੰਗ ਨਾਲ ਚਾਲੂ ਕੀਤਾ ਗਿਆ। ਇਸ ਕਾਰਵਾਈ ਦੌਰਾਨ ਐੱਸ.ਐੱਸ.ਐੱਫ. ਟੀਮ ਦੇ ਇੰਚਾਰਜ ਏ.ਐੱਸ.ਆਈ. ਕੁਲਦੀਪ ਕੁਮਾਰ ਦੇ ਨਾਲ ਕਾਂਸਟੇਬਲ ਮੁਹੰਮਦ ਅਰਸ਼ਦ ਅਤੇ ਕਾਂਸਟੇਬਲ ਲਕਸ਼ਦੀਪ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਸੰਚਾਰ ਦੀ ਤਾਕਤ

ਮਨੁੱਖੀ ਜੀਵਨ ਵਿੱਚ ਸੰਚਾਰ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਇਹ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ, ਭਾਵਨਾਵਾਂ, ਤਜ਼ਰਬਿਆਂ ਅਤੇ ਜਜ਼ਬਾਤਾਂ ਨੂੰ ਇੱਕ-ਦੂਜੇ ਨਾਲ ਸਾਂਝਾ ਕਰਦਾ ਹੈ। ਬੱਚੇ ਦੇ ਜਨਮ ਤੋਂ ਹੀ ਸੰਚਾਰ ਉਸ ਦੇ ਸਿੱਖਣ, ਸਮਝਣ ਅਤੇ ਰਿਸ਼ਤੇ ਬਣਾਉਣ ਦਾ ਇੱਕ ਅਹਿਮ ਸਾਧਨ ਬਣ ਜਾਂਦਾ ਹੈ। ਚਾਹੇ ਇਹ ਬੋਲਚਾਲ ਰਾਹੀਂ ਹੋਵੇ, ਲਿਖਤੀ ਸੰਦੇਸ਼ਾਂ ਰਾਹੀਂ, ਇਸ਼ਾਰਿਆਂ ਜਾਂ ਚਿਹਰੇ ਦੇ ਹਾਵ-ਭਾਵਾਂ ਰਾਹੀਂ, ਸੰਚਾਰ ਸਾਡੀ ਨਿੱਜੀ ਅਤੇ ਸਮਾਜਿਕ ਜ਼ਿੰਦਗੀ ਦੇ ਹਰ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਕਈ ਮਾਇਨਿਆਂ ਵਿੱਚ ਸਾਡੀ ਜ਼ਿੰਦਗੀ ਦੀ ਗੁਣਵੱਤਾ ਸਾਡੇ ਸੰਚਾਰ ਦੀ ਗੁਣਵੱਤਾ ਉੱਤੇ ਨਿਰਭਰ ਕਰਦੀ ਹੈ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਪੂਰੀ ਤਰ੍ਹਾਂ ਇਕੱਲਾ ਰਹਿ ਕੇ ਆਪਣੀਆਂ ਭਾਵਨਾਤਮਕ, ਸਮਾਜਿਕ ਅਤੇ ਪੇਸ਼ੇਵਰ ਲੋੜਾਂ ਪੂਰੀਆਂ ਨਹੀਂ ਕਰ ਸਕਦਾ। ਇਸ ਲਈ ਪਰਿਵਾਰਕ ਮੈਂਬਰਾਂ, ਦੋਸਤਾਂ, ਸਹਿਕਰਮੀਆਂ ਅਤੇ ਸਮਾਜ ਨਾਲ ਨਿਰੰਤਰ ਸੰਪਰਕ ਬਣਾਈ ਰੱਖਣਾ ਲਾਜ਼ਮੀ ਹੈ। ਪ੍ਰਭਾਵਸ਼ਾਲੀ ਸੰਚਾਰ ਮਨੁੱਖ ਨੂੰ ਆਪਣੀਆਂ ਲੋੜਾਂ ਅਤੇ ਵਿਚਾਰਾਂ ਨੂੰ ਸਪਸ਼ਟ ਤੌਰ 'ਤੇ ਪ੍ਰਗਟ ਕਰਨ, ਗਲਤਫਹਿਮੀਆਂ ਦੂਰ ਕਰਨ ਅਤੇ ਸਾਂਝੇ ਟੀਚਿਆਂ ਦੀ ਪ੍ਰਾਪਤੀ ਲਈ ਮਿਲ ਕੇ ਕੰਮ ਕਰਨ ਵਿੱਚ ਮਦਦ ਕਰਦਾ ਹੈ। ਇਹ ਆਪਸੀ ਸਮਝ, ਭਰੋਸੇ ਅਤੇ ਸਹਿਯੋਗ ਨੂੰ ਮਜ਼ਬੂਤ ਕਰਦਾ ਹੈ, ਜੋ ਸ਼ਾਂਤਮਈ ਅਤੇ ਸੁਚੱਜੇ ਸਮਾਜ ਦੀ ਬੁਨਿਆਦ ਹਨ। ਸੰਚਾਰ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਤਣਾਅ, ਚਿੰਤਾ ਅਤੇ ਉਦਾਸੀ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ।

ਅੱਜ ਦੇ ਤੇਜ਼-ਰਫ਼ਤਾਰ ਯੁੱਗ ਵਿੱਚ ਲੋਕ ਪੜ੍ਹਾਈ, ਨੌਕਰੀ, ਆਰਥਿਕ ਸਮੱਸਿਆਵਾਂ ਅਤੇ ਨਿੱਜੀ ਚੁਣੌਤੀਆਂ ਕਾਰਨ ਮਾਨਸਿਕ ਦਬਾਅ ਦਾ ਸਾਹਮਣਾ ਕਰ ਰਹੇ ਹਨ। ਜਦੋਂ ਕੋਈ ਵਿਅਕਤੀ ਆਪਣੀਆਂ ਚਿੰਤਾਵਾਂ ਅਤੇ ਦੁੱਖਾਂ ਨੂੰ ਆਪਣੇ ਅੰਦਰ ਹੀ ਦਬਾ ਕੇ ਰੱਖਦਾ ਹੈ, ਤਾਂ ਇਹ ਬੋਝ ਹੋਰ ਵੱਧ ਜਾਂਦਾ ਹੈ। ਪਰ ਜਦੋਂ ਉਹ ਆਪਣੇ ਵਿਸ਼ਵਾਸਪਾਤਰ ਦੋਸਤਾਂ, ਪਰਿਵਾਰਕ ਮੈਂਬਰਾਂ ਜਾਂ ਸਲਾਹਕਾਰਾਂ ਨਾਲ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਾ ਹੈ, ਤਾਂ ਉਸ ਨੂੰ ਮਾਨਸਿਕ ਰਾਹਤ ਅਤੇ ਸਹਾਰਾ ਮਿਲਦਾ ਹੈ। ਕਈ ਵਾਰ ਇੱਕ ਸਧਾਰਨ ਗੱਲਬਾਤ ਹੀ ਕਿਸੇ ਵਿਅਕਤੀ ਨੂੰ ਇਹ ਅਹਿਸਾਸ ਕਰਵਾ ਦਿੰਦੀ ਹੈ ਕਿ ਉਹ ਇਕੱਲਾ ਨਹੀਂ ਹੈ।

ਸੰਚਾਰ ਭਾਵਨਾਵਾਂ ਦੇ ਪ੍ਰਗਟਾਵੇ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ। ਆਪਣੇ ਵਿਚਾਰਾਂ ਅਤੇ ਅਹਿਸਾਸਾਂ ਨੂੰ ਪ੍ਰਗਟ ਕਰਨ ਨਾਲ ਮਨੁੱਖ ਆਪਣੇ ਤਜਰਬਿਆਂ ਨੂੰ ਵਧੀਆ ਢੰਗ ਨਾਲ ਸਮਝ ਸਕਦਾ ਹੈ ਅਤੇ ਨਵੇਂ ਨਜ਼ਰੀਏ ਪ੍ਰਾਪਤ ਕਰ ਸਕਦਾ ਹੈ। ਅਕਸਰ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਕੇਵਲ ਉਨ੍ਹਾਂ ਬਾਰੇ ਚਰਚਾ ਕਰਨ ਨਾਲ ਹੀ ਲੱਭ ਲੈਂਦੇ ਹਨ। ਹੌਸਲਾ ਦੇਣ ਵਾਲੀਆਂ ਗੱਲਬਾਤਾਂ ਆਤਮ-ਵਿਸ਼ਵਾਸ ਵੱਧਾਉਂਦੀਆਂ ਹਨ, ਇਕੱਲੇਪਣ ਦੀ ਭਾਵਨਾ ਘਟਾਉਂਦੀਆਂ ਹਨ ਅਤੇ ਮਾਨਸਿਕ ਸਿਹਤ ਨੂੰ ਸੁਚੱਜਾ ਬਣਾਉਂਦੀਆਂ ਹਨ। ਇਸੇ ਲਈ ਮਾਨਸਿਕ ਸਿਹਤ ਦੇ ਮਾਹਿਰ ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕਰਦੇ ਹਨ, ਕਿਉਂਕਿ ਇਹ ਲੋਕਾਂ ਨੂੰ ਸਮੇਂ ਸਿਰ ਮਦਦ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ।

ਮਨੁੱਖੀ ਰਿਸ਼ਤਿਆਂ ਦੀ ਮਜ਼ਬੂਤੀ ਵੀ ਸੰਚਾਰ ਉੱਤੇ ਨਿਰਭਰ ਕਰਦੀ ਹੈ। ਮਜ਼ਬੂਤ ਰਿਸ਼ਤੇ ਇਮਾਨਦਾਰੀ, ਸਮਝ ਅਤੇ ਆਪਸੀ ਸਤਿਕਾਰ ਦੀ ਬੁਨਿਆਦ 'ਤੇ ਖੜ੍ਹੇ ਹੁੰਦੇ ਹਨ ਅਤੇ ਇਹ ਸਭ ਪ੍ਰਭਾਵਸ਼ਾਲੀ ਸੰਚਾਰ ਰਾਹੀਂ ਹੀ ਸੰਭਵ ਹੁੰਦਾ ਹੈ। ਮਾਪਿਆਂ ਅਤੇ ਬੱਚਿਆਂ, ਪਤੀ-ਪਤਨੀ, ਦੋਸਤਾਂ ਜਾਂ ਸਹਿਕਰਮੀਆਂ ਦੇ ਰਿਸ਼ਤਿਆਂ ਵਿੱਚ ਸੰਚਾਰ ਉਹ ਪੁਲ ਹੈ ਜੋ ਲੋਕਾਂ ਨੂੰ ਆਪਸ ਵਿੱਚ ਜੋੜ ਕੇ ਰੱਖਦਾ ਹੈ।

ਸਿਹਤਮੰਦ ਸੰਚਾਰ ਲੋਕਾਂ ਨੂੰ ਇੱਕ-ਦੂਜੇ ਦੀਆਂ ਉਮੀਦਾਂ, ਭਾਵਨਾਵਾਂ ਅਤੇ ਚਿੰਤਾਵਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਇਹ ਗਲਤਫਹਿਮੀਆਂ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਦੂਰ ਕਰ ਦਿੰਦਾ ਹੈ ਅਤੇ ਟਕਰਾਵਾਂ ਨੂੰ ਗੰਭੀਰ ਰੂਪ ਧਾਰਨ ਕਰਨ ਤੋਂ ਰੋਕਦਾ ਹੈ। ਜੋ ਜੀਵਨ ਸਾਥੀ ਖੁੱਲ੍ਹ ਕੇ ਗੱਲਬਾਤ ਕਰਦੇ ਹਨ, ਉਨ੍ਹਾਂ ਦੇ ਰਿਸ਼ਤੇ ਵਧੇਰੇ ਮਜ਼ਬੂਤ ਹੁੰਦੇ ਹਨ। ਜਿਹੜੇ ਮਾਪੇ ਆਪਣੇ ਬੱਚਿਆਂ ਨਾਲ ਖੁੱਲ੍ਹਾ ਸੰਵਾਦ ਬਣਾਈ ਰੱਖਦੇ ਹਨ, ਉਹ ਉਨ੍ਹਾਂ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਹੀ ਮਾਰਗਦਰਸ਼ਨ ਦੇ ਸਕਦੇ ਹਨ। ਇਸੇ ਤਰ੍ਹਾਂ ਦੋਸਤੀਆਂ ਵੀ ਤਦ ਹੀ ਮਜ਼ਬੂਤ ਹੁੰਦੀਆਂ ਹਨ ਜਦੋਂ ਲੋਕ ਆਪਣੇ ਸੁੱਖ-ਦੁੱਖ ਅਤੇ ਤਜਰਬੇ ਸਾਂਝੇ ਕਰਦੇ ਹਨ।

ਕਾਰਜਸਥਾਨਾਂ ਵਿੱਚ ਵੀ ਸੰਚਾਰ ਦੀ ਅਹਿਮ ਭੂਮਿਕਾ ਹੁੰਦੀ ਹੈ। ਕਿਸੇ ਵੀ ਸੰਸਥਾ ਦੀ ਸਫਲਤਾ ਟੀਮਵਰਕ, ਉਤਪਾਦਕਤਾ ਅਤੇ ਨਵੀਨਤਾ ਉੱਤੇ ਨਿਰਭਰ ਕਰਦੀ ਹੈ ਅਤੇ ਇਹ ਸਭ ਪ੍ਰਭਾਵਸ਼ਾਲੀ ਸੰਚਾਰ ਤੋਂ ਬਿਨਾਂ ਸੰਭਵ ਨਹੀਂ। ਸਪੱਸ਼ਟ ਸੰਚਾਰ ਕਰਮਚਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਸਮਝਣ, ਕੁਸ਼ਲਤਾ ਨਾਲ ਕੰਮ ਕਰਨ ਅਤੇ ਮਿਲਜੁਲ ਕੇ ਟੀਚਿਆਂ ਦੀ ਪ੍ਰਾਪਤੀ ਲਈ ਯਤਨ ਕਰਨ ਵਿੱਚ ਮਦਦ ਕਰਦਾ ਹੈ। ਇਸ ਦੇ ਉਲਟ, ਕਮਜ਼ੋਰ ਸੰਚਾਰ ਅਕਸਰ ਉਲਝਣਾਂ, ਗਲਤੀਆਂ ਅਤੇ ਟਕਰਾਵਾਂ ਨੂੰ ਜਨਮ ਦਿੰਦਾ ਹੈ।

ਭਾਵੇਂ ਸੰਚਾਰ ਦੀ ਮਹੱਤਤਾ ਬੇਹੱਦ ਹੈ, ਫਿਰ ਵੀ ਆਧੁਨਿਕ ਡਿਜ਼ੀਟਲ ਯੁੱਗ ਵਿੱਚ ਇਸ ਦੀ ਅਣਦੇਖੀ ਵੱਧਦੀ ਜਾ ਰਹੀ ਹੈ।

ਤਕਨੀਕ ਨੇ ਸੰਚਾਰ ਦੇ ਢੰਗ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਤੁਰੰਤ ਸੰਦੇਸ਼ ਭੇਜਣ ਵਾਲੀਆਂ ਐਪਲੀਕੇਸ਼ਨਾਂ ਨੇ ਸੰਚਾਰ ਨੂੰ ਤੇਜ਼ ਅਤੇ ਆਸਾਨ ਤਾਂ ਬਣਾ ਦਿੱਤਾ ਹੈ, ਪਰ ਨਾਲ ਹੀ ਕੁਝ ਨਵੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ।

ਅੱਜ ਬਹੁਤ ਸਾਰੇ ਲੋਕ ਰੂ-ਬ-ਰੂ ਗੱਲਬਾਤ ਕਰਨ ਦੀ ਬਜਾਏ ਸਕਰੀਨਾਂ ਰਾਹੀਂ ਸੰਪਰਕ ਕਰਨ ਵਿੱਚ ਵੱਧ ਸਮਾਂ ਬਿਤਾ ਰਹੇ ਹਨ। ਭਾਵੇਂ ਡਿਜ਼ੀਟਲ ਸੰਚਾਰ ਦੂਰ ਬੈਠੇ ਲੋਕਾਂ ਨੂੰ ਜੋੜਨ ਵਿੱਚ ਸਹਾਇਕ ਹੈ, ਪਰ ਇਸ ਵਿੱਚ ਉਹ ਭਾਵਨਾਤਮਕ ਗਹਿਰਾਈ ਅਤੇ ਨਿੱਜੀ ਛੋਹ ਨਹੀਂ ਹੁੰਦੀ ਜੋ ਸਿੱਧੀ ਗੱਲਬਾਤ ਵਿੱਚ ਹੁੰਦੀ ਹੈ। ਚਿਹਰੇ ਦੇ ਹਾਵ-ਭਾਵ, ਸਰੀਰਕ ਭਾਸ਼ਾ ਅਤੇ ਆਵਾਜ਼ ਦਾ ਲਹਿਜ਼ਾ, ਜੋ ਸੰਚਾਰ ਦੇ ਮਹੱਤਵਪੂਰਨ ਅੰਗ ਹਨ, ਅਕਸਰ ਲਿਖਤੀ ਸੰਦੇਸ਼ਾਂ ਵਿੱਚ ਗਾਇਬ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਨੇ ਵੀ ਸੰਚਾਰ ਨੂੰ ਕਈ ਵਾਰ ਬੇਸੁਆਦਾ ਅਤੇ ਦਿਖਾਵਟੀ ਬਣਾ ਦਿੱਤਾ ਹੈ। ਲੋਕ ਆਪਣੀ ਜ਼ਿੰਦਗੀ ਦੇ ਖੁਸ਼ਗਵਾਰ ਪਲ ਤਾਂ ਸਾਂਝੇ ਕਰਦੇ ਹਨ, ਪਰ ਆਪਣੇ ਅਸਲ ਦੁੱਖਾਂ ਅਤੇ ਸੰਘਰਸ਼ਾਂ ਬਾਰੇ ਗੱਲ ਕਰਨ ਤੋਂ ਕਤਰਾਉਂਦੇ ਹਨ। ਨਤੀਜੇ ਵਜੋਂ, ਸੈਂਕੜੇ ਆਨਲਾਈਨ ਸੰਪਰਕ ਹੋਣ ਦੇ ਬਾਵਜੂਦ ਲੋਕ ਇਕੱਲੇਪਣ ਅਤੇ ਭਾਵਨਾਤਮਕ ਦੂਰੀ ਦਾ ਅਨੁਭਵ ਕਰਦੇ ਹਨ। ਲਗਾਤਾਰ ਜੁੜੇ ਰਹਿਣ ਦਾ ਭਰਮ ਕਈ ਵਾਰ ਅਰਥਪੂਰਨ ਮਨੁੱਖੀ ਸੰਪਰਕ ਦੀ ਘਾਟ ਨੂੰ ਲੁਕਾ ਦਿੰਦਾ ਹੈ।

ਰੁਝੇਵਿਆਂ ਭਰੀ ਜੀਵਨ-ਸ਼ੈਲੀ ਵੀ ਸੰਚਾਰ ਵਿੱਚ ਆ ਰਹੀ ਕਮੀ ਦਾ ਇੱਕ ਵੱਡਾ ਕਾਰਨ ਹੈ। ਅਕਸਰ ਪਰਿਵਾਰਕ ਮੈਂਬਰ ਇੱਕੋ ਛੱਤ ਹੇਠ ਰਹਿੰਦੇ ਹੋਏ ਵੀ ਆਪਣੇ ਮੋਬਾਈਲ ਫੋਨਾਂ, ਕੰਪਿਊਟਰਾਂ ਜਾਂ ਟੈਲੀਵਿਜ਼ਨ ਸਕਰੀਨਾਂ ਵਿੱਚ ਮਸ਼ਰੂਫ਼ ਰਹਿੰਦੇ ਹਨ। ਅਰਥਪੂਰਨ ਗੱਲਬਾਤਾਂ ਦੀ ਥਾਂ ਡਿਜ਼ੀਟਲ ਮਸ਼ਰੂਫਤਾ ਨੇ ਲੈ ਲਈ ਹੈ, ਜਿਸ ਨਾਲ ਪਰਿਵਾਰਕ ਰਿਸ਼ਤੇ ਕਮਜ਼ੋਰ ਪੈ ਸਕਦੇ ਹਨ ਅਤੇ ਭਾਵਨਾਤਮਕ ਨੇੜਤਾ ਘੱਟ ਸਕਦੀ ਹੈ।

ਸੰਚਾਰ ਦੀ ਅਣਦੇਖੀ ਦਾ ਇੱਕ ਹੋਰ ਕਾਰਨ ਵੱਧਦਾ ਵਿਅਕਤੀਵਾਦ ਵੀ ਹੈ। ਬਹੁਤ ਸਾਰੇ ਲੋਕ ਨਿਰਣੇ, ਆਲੋਚਨਾ ਜਾਂ ਅਸਵੀਕਾਰਤਾ ਦੇ ਡਰ ਕਾਰਨ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਤੋਂ ਹਿਚਕਚਾਉਂਦੇ ਹਨ। ਇਹ ਝਿਜਕ ਭਾਵਨਾਤਮਕ ਕੰਧਾਂ ਖੜ੍ਹੀਆਂ ਕਰ ਦਿੰਦੀ ਹੈ ਅਤੇ ਲੋਕਾਂ ਨੂੰ ਲੋੜੀਂਦੇ ਸਹਿਯੋਗ ਤੋਂ ਵਾਂਝਾ ਕਰ ਸਕਦੀ ਹੈ।

ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਾਜ ਨੂੰ ਸੰਚਾਰ ਦੀ ਅਸਲ ਮਹੱਤਤਾ ਨੂੰ ਸਮਝਣਾ ਹੋਵੇਗਾ। ਪਰਿਵਾਰਾਂ ਨੂੰ ਨਿਯਮਤ ਗੱਲਬਾਤ ਲਈ ਸਮਾਂ ਕੱਢਣਾ ਚਾਹੀਦਾ ਹੈ। ਵਿੱਦਿਅਕ ਸੰਸਥਾਵਾਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਸੰਚਾਰ ਕੌਸ਼ਲਾਂ ਦੇ ਵਿਕਾਸ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਾਰਜਸਥਾਨਾਂ 'ਤੇ ਖੁੱਲ੍ਹੇ ਸੰਵਾਦ ਅਤੇ ਸਹਿਯੋਗੀ ਮਾਹੌਲ ਨੂੰ ਪ੍ਰੋਤਸਾਹਨ ਮਿਲਣਾ ਚਾਹੀਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਹਰ ਵਿਅਕਤੀ ਨੂੰ ਧਿਆਨ ਨਾਲ ਸੁਣਨ ਅਤੇ ਇਮਾਨਦਾਰੀ ਨਾਲ ਆਪਣੀ ਗੱਲ ਕਹਿਣ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ।

ਸੰਚਾਰ ਕੇਵਲ ਸ਼ਬਦਾਂ ਦਾ ਆਦਾਨ-ਪ੍ਰਦਾਨ ਨਹੀਂ ਹੈ, ਸਗੋਂ ਇਹ ਦਿਲਾਂ, ਦਿਮਾਗਾਂ ਅਤੇ ਸਮਾਜਾਂ ਨੂੰ ਜੋੜਨ ਵਾਲਾ ਪੁੱਲ ਹੈ। ਇਹ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦਾ ਹੈ, ਮਾਨਸਿਕ ਸਿਹਤ ਨੂੰ ਸਹਾਰਾ ਦਿੰਦਾ ਹੈ ਅਤੇ ਆਪਸੀ ਸਮਝ ਨੂੰ ਵੱਧਾਉਂਦਾ ਹੈ। ਡਿਜ਼ੀਟਲ ਤਕਨੀਕ ਦੇ ਪ੍ਰਭਾਵ ਵਾਲੇ ਇਸ ਯੁੱਗ ਵਿੱਚ ਅਰਥਪੂਰਨ ਮਨੁੱਖੀ ਸੰਚਾਰ ਨੂੰ ਸੰਭਾਲ ਕੇ ਰੱਖਣਾ ਪਹਿਲਾਂ ਨਾਲੋਂ ਕਿਤੇ ਵੱਧ ਜ਼ਰੂਰੀ ਹੋ ਗਿਆ ਹੈ। ਖੁੱਲ੍ਹੇ, ਸੱਚੇ ਅਤੇ ਸੰਵੇਦਨਸ਼ੀਲ ਸੰਚਾਰ ਨੂੰ ਅਪਣਾ ਕੇ ਅਸੀਂ ਤਣਾਅ ਘਟਾ ਸਕਦੇ ਹਾਂ, ਮਾਨਸਿਕ ਸੁੱਖ- ਨੂੰ ਵੱਧਾ ਸਕਦੇ ਹਾਂ ਅਤੇ ਹੋਰ ਮਜ਼ਬੂਤ ਤੇ ਸਿਹਤਮੰਦ ਰਿਸ਼ਤੇ ਕਾਇਮ ਕਰ ਸਕਦੇ ਹਾਂ। ਅੰਤ ਵਿੱਚ, ਸੰਚਾਰ ਇੱਕ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜੋ ਇੱਕ ਖੁਸ਼ਹਾਲ, ਜੁੜੇ ਹੋਏ ਅਤੇ ਹਮਦਰਦੀ ਭਰੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਮੁੱਲ ਦਾ ਕੋਈ ਅਲੱਗ ਰੂਪ ਨਹੀਂ ਹੁੰਦਾ

ਅੱਜ ਕੱਲ ਇੱਕ ਕਹਾਵਤ ਬਹੁਤ ਸੁਣਨ ਨੂੰ ਮਿਲਦੀ ਹੈ,'ਜੋ ਦਿਖਦਾ ਹੈ,ਉਹੀ ਵਿਕਦਾ ਹੈ'।ਇਸ ਦਾ ਮਤਲਬ ਇਹ ਹੈ ਕਿ ਵੇਚਣ ਵਾਸਤੇ ਦਿਖਣਾ ਜਰੂਰੀ ਹੈ।ਅਸਲ ਵਿੱਚ ਇਹ ਕਹਾਵਤ ਅੱਜ ਦੇ ਆਰਥਿਕ ਸਭਿਆਚਾਰ ਵੱਲ ਇਸ਼ਾਰਾ ਕਰਦੀ ਹੈ। ਇਸ ਤੋਂ ਇਲਾਵਾ ਇਸ ਦਾ ਮਤਲਬ ਕੱਢਿਆ ਜਾਵੇ ਤਾਂ ਇਹ ਹੈ ਕਿ ਜੋ ਚੀਜ਼ ਦੇਖਣ ਨੂੰ ਸੋਹਣੀ ਲੱਗਦੀ ਹੈ ਉਸ ਦਾ ਹੀ ਬਜ਼ਾਰ ਵਿੱਚ ਮੁੱਲ ਪੈਦਾ ਹੈ।ਮੁੱਲਾਕਣ ਦਾ ਆਧਾਰ ਅਲੱਗ-ਅਲੱਗ ਹੋ ਸਕਦਾ ਹੈ।ਇਹ ਸੰਭਵ ਹੈ ਕਿ ਮੁੱਲ ਦਾ ਕੋਈ ਅਲੱਗ ਰੂਪ ਹੋ ਸਕਦਾ ਹੈ।ਜੇਕਰ ਕੋਈ ਬਹੁਤ ਅਮੀਰ ਹੈ ਤਾਂ ਉਸ ਕੋਲ ਪੈਸਾ ਬਹੁਤ ਹੈ ਤਾਂ ਉਹ ਆਪਣੀ ਦੌਲਤ ਦਿਖਾਉਣ ਦੇ ਲਈ ਆਪਣੇ ਸਿਰ ਤੇ ਰੱਖ ਕੇ ਨਹੀ ਲਿਜਾ ਸਕਦਾ।ਉਨਾਂ ਦੀ ਅਮੀਰੀ ਨੂੰ,ਉਨਾਂ ਦੀ ਦੌਲਤ ਨੂੰ,ਉਨਾਂ ਦੇ ਕੱਪੜਿਆਂ,ਗਹਿਣਿਆਂ ਕਾਰਾਂ ਕੋਠੀਆਂ ਅਤੇ ਹੋਰ ਸਰੋਤਾਂ ਤੋਂ ਨਾਪਿਆ ਜਾ ਸਕਦਾ ਹੈ।

ਇਸ ਦਿਖਾਵੇ ਦੀ ਦੁਨੀਆਂ ਵਿੱਚ ਪੈਸੇ ਤੋਂ ਬਿੰਨਾਂ ਕੁੱਝ ਵੀ ਪ੍ਰਾਪਤ ਕਰਨਾ ਅਸੰਭਵ ਹੈ।ਪੈਸੇ ਦੀ ਚਮਕ ਤਾਂ ਦੂਰ ਤੋਂ ਹੀ ਦਿਖਾਈ ਦੇ ਦਿੰਦੀ ਹੈ, ਬਲਕਿ ਚਾਲ ਵਿੱਚ ਵੀ ਫ਼ਰਕ ਪੈ ਜਾਂਦਾ ਹੈ।ਪੈਸਾ ਨਾ ਸਿਰਫ਼ ਰਵੱਈਏ ਨੂੰ ਬਦਲਦਾ ਹੈ ਸਗੋਂ ਵਿਵਹਾਰ ਨੂੰ ਵੀ ਬਦਲਦਾ ਹੈ।ਲੋਕ ਆਪਣੀ ਦੌਲਤ ਦਾ ਦਿਖਾਵਾ ਕਰਨ ਲਈ ਕੋਈ ਵੀ ਸਹਾਰਾ ਲੈ ਲੈਦੇ ਹਨ।ਇਹ ਕੋਸ਼ਿਸ਼ ਖਾਸ ਮੌਕਿਆਂ 'ਤੇ ਆਪਣੇ ਸਿਖਰ 'ਤੇ ਪਹੁੰਚ ਜਾਂਦੀ ਹੈ,ਅਤੇ ਜਦੋਂ ਵੀ ਸੰਭਵ ਹੁੰਦਾ ਹੈ ਦਿਖਾਵਾ ਸ਼ੁਰੂ ਹੋ ਜਾਂਦਾ ਹੈ।ਮਾਨਸਿਕਤਾ ਇਹ ਬਣਦੀ ਜਾ ਰਹੀ ਹੈ ਕਿ ਖੁਸ਼ਹਾਲੀ ਅਤੇ ਦੌਲਤ ਦਾ ਪ੍ਰਦਰਸ਼ਨ ਕਰਕੇ,ਆਪਣੇ ਆਪ ਹੀ ਮਹਾਨ ਬਣੀ ਸਕਦਾ ਹੇ,ਇਹ ਨਹੀ ਹੋ ਸਕਦਾ ਪਰ ਆਰਥਿਕ ਯੁੱਗ ਵਿੱਚ ਇਹ ਸੱਚ ਹੈ।ਲੋਕ ਮੰਨਦੇ ਵੀ ਹਨ ਕਿ ਪੈਸਾ ਸੱਭ ਕੁਝ ਨਹੀ ਹੈ,ਪਰ ਕਈ ਲਈ ਅਜੇ ਵੀ ਜਾਂਦੇ ਹਨ।ਪੈਸੇ ਨਾਲ ਸਾਰੇ ਸਾਧਨ ਉਲਭਲਧ ਕਰਾਏ ਜਾ ਸਕਦੇ ਹਨ। ਦੁਨੀਆਂ ਦੇ ਬਹੁਤ ਸਾਰੇ ਰੰਗ ਰੂਪ ਹਨ,ਜਿਹੜੇ ਕਿ ਆਮ ਸਮ੍ਹਿਆਂ ਵਿੱਚ ਜਿੱਥੇ ਸਿਰਫ਼ ਪਰਿਵਾਰ,ਸਮਾਜ ਅਤੇ ਆਮ ਲੋਕ ਹੀ ਮੌਜੂਦ ਹੁੰਦੇ ਸਨ,ਤਾਂ ਲੋਕ ਆਪਣੇ ਘਰ ਨੂੰ ਅੱਗੇ ਤੋਰਨ ਵਾਸਤੇ ਸਖਤ ਮਿਹਨਤ ਕਰਦੇ ਸਨ।ਅਰਥ-ਸ਼ਾਸਤਰ ਇੱਛਾ ਅਤੇ ਲੋੜ ਵਿੱਚ ਬੜੇ ਵਧੀਆ ਢੰਗ ਨਾਲ ਸਮਝਾਉਦੇ ਸਨ,ਪਰ ਹੁਣ ਨਵੇ ਆਰਥਿਕ ਸਿਧਾਂਤ ਲਿਖੇ ਅਤੇ ਅਧਿਐਨ ਕੀਤੇ ਜਾ ਰਹੇ ਹਨ।ਇਕ ਡਾਕਟਰ ਅਤੇ ਇਕ ਅਧਿਆਪਕ ਲਈ ਕਾਰ ਦਾ ਹੋਣਾ ਜਰੂਰੀ ਹੈ ਕਿਉਕਿ ਡਾਕਟਰ ਨੇ ਮਰੀਜ਼ ਨੂੰ ਦੇਖਣ ਲਈ ਜਲਦੀ ਪਹੁੰਚਣਾ ਹੁੰਦਾ ਹੈ।ਸਮੇਂ ਸਿਰ ਨਾ ਪਹੁੰਚਣ ਤੇ ਮਰੀਜ਼ ਦੀ ਜਾਨ ਵੀ ਜਾ ਸਕਦੀ ਹੈ।ਇਕ ਅਧਿਆਪਕ ਲਈ ਇਹ ਮਾਮਲਾ ਨਹੀ ਹੈ,ਜੇਕਰ ਉਹ ਦੇਰ ਨਾਲ ਕਾਲਜ ਪਹੁੰਚਦਾ ਹੈ ਤਾਂ ਕਿਸੇ ਦੀ ਜਾਨ ਨੂੰ ਖਤਰਾ ਨਹੀ ਹੈ,ਪਰ ਗਿਆਨ ਜਰੂਰੀ ਹੈ,ਡਾਕਟਰ ਅਤੇ ਅਧਿਆਪਕ ਦੋਵੇਂ ਕਾਰ ਖਰੀਦ ਸਕਦੇ ਹਨ।ਇਸ ਕਰਕੇ ਇੱਛਾ ਅਤੇ ਲੋੜ ਇਕ ਉਲਝੀ ਹੋਈ ਤਾਣੀ ਬਣੀ ਹੋਈ ਹੈ।ਜਿਸ ਨੂੰ ਸੁਲਝਾਉਣ ਦੀ ਹਰ ਕੋਈ ਕੋਸ਼ਿਸ਼ ਕਰਦਾ ਹੈ,ਪਰ ਉਸ ਵਿੱਚ ਫਸੀ ਸਾਰੇ ਜਾਦੇ ਹਨ।

ਸਬਰ ਸੰਤੋਖ ਵਾਲੀ ਇੱਛਾ,ਲੋੜ ਅਤੇ ਮੰਗ ਦੇ ਵਿਚਕਾਰ ਵਾਲੇ ਪਾੜੇ ਨੂੰ ਪੂਰਾ ਕਰਦੀ ਹੈ।ਸਬਰ ਸੰਤੋਖ ਵਾਲੀ ਇੱਛਾ ਲੋਕਾਂ ਨੂੰ ਸਹੂਲਤ ਅਤੇ ਦਿਖਾਵੇ ਦਾ ਮੌਕਾ ਦੋਵੇਂ ਪ੍ਰਦਾਨ ਕਰਦੀ ਹੈ।ਦਿਖਾਵੇ ਪਿੱਛੇ ਵੀ ਸਾਡੀ ਮਾਨਸਿਕਤਾ ਕੰਮ ਕਰਦੀ ਹੈ,ਕਿ ਆਪਣੇ ਆਪ ਨੂੰ ਉਤਮ ਸਾਬਤ ਕਰਨਾ।ਲੋਕ ਮਹਿੰਗੀਆਂ ਕਾਰਾਂ ਰਾਹੀ ਆਪਣੀ ਦੌਲਤ ਦਾ ਦਿਖਾਵਾ ਕਰਦੇ ਹਨ,ਜਦ ਕਿ ਵੱਡੇ ਬੰਦਿਆਂ ਦੇ ਸਾਹਮਣੇ ਆਪਣੇ ਸਬੰਧਾਂ ਦਾ ਦਿਖਾਵਾ ਕਰਕੇ ਆਪਣੀ ਸਮਾਜਿਕ ਸਥਿੱਤੀ ਸਥਾਪਤ ਕਰਨ ਦੀ ਕੋਸ਼ਿਸ਼ ਹਣ ਕੋਈ ਕਰਦਾ ਹੈ।ਜੋ ਨਹੀ ਦੇਖਿਆ ਜਾਂਦਾ ਉਹ ਵੀ ਤਾਂ ਵਿਕਦਾ ਹੀ ਹੈ।ਵੇਖਣ ਲਈ ਦਿਖਾਈ ਦੇਣਾ ਜਰੂਰੀ ਹੈ, ਦਿਖਾਵੇ ਦਾ ਫਲਸਫਾ ਇਕੱਠਾਂ,ਸੁਭ ਸਮਾਗਮਾਂ ਅਤੇ ਸ਼ੋਸਲ ਮੀਡੀਆ ਤੇ ਸਪੱਸ਼ਟ ਹੁੰਦਾ ਹੈ।ਜਿੱਥੇ ਵੀ ਮੌਕਾ ਮਿਲਦਾ ਹੈ ਲੋਕ ਝੱਟ ਦੇਣਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ।ਸ਼ੋਸਲ ਮੀਡੀਆ ਤੇ ਅਕਸਰ ਦੇਖਿਆ ਗਿਆ ਹੈ ਕਿ ਲੋਕ ਆਪਣੇ ਜੀਵਨ ਦੀਆਂ ਵਧੀਆਂ ਗਤੀਵਿਧੀਆਂ ਦਾ ਹਮੇਸ਼ਾਂ ਹੀ ਦਿਖਾਵਾ ਕਰਦੇ ਨਜ਼ਰ ਆਉਦੇ ਹਨ। ਆਪਣੇ ਅਨੁਭਵ ਸਮਾਜ ਦੀ ਭਲਾਈ ਲਈ ਸਮਰਪਤ ਕੀਤੇ ਜਾ ਸਕਦੇ ਹਨ।ਤਜਰਬੇਕ-ਾਰ ਆਦਮੀ ਸਮਾਜ ਵਿੱਚ ਹਿੱਸਾ ਲੈਦਾ ਹੈ ਤਾਂ ਉਹ ਤਜਰਬਿਆਂ ਤੋਂ ਆਪਣੀ ਇਕੱਠੀ ਕੀਤੀ ਗਈ ਕਮਾਈ ਨੂੰ ਸਮਾਜ ਵਿੱਚ ਖਿਲਾਰਦਾ ਹੈ।ਇਹ ਸਰਗਰਮੀਆਂ ਬਜੁਰਗਾਂ ਨੂੰ ਇਕੱਲਤਾਂ ਅਤੇ ਉਦਾਸੀ ਤੋਂ ਵੀ ਬਚਾਉਦੀਆਂ ਹਨ।ਅੱਜ ਦੇ ਪਰਿਵਾਰ ਯੁੱਗ ਅੰਦਰ ਸਰਗਰਮੀ ਉਹ ਸਹਾਰਾ ਹੈ ਜੋ ਪੀੜ੍ਹੀਆਂ ਵਿਚਕਾਰ ਪਾੜੇ ਨੂੰ ਪੂਰਾ ਕਰ ਸਕਦਾ ਹੈ।ਦਾਦਾ ਦਾਦੀ ਦਾ ਤਜਰਬਾ ਅਤੇ ਪੋਤੇ ਪੋਤੀ ਦਾ ਹੌਸਲਾ ਮਿਲੇ ਇਕ ਬਿਹਤਰ ਭਵਿੱਖ ਸਿਰਜ ਸਕਦਾ ਹੈ।ਨੌਜਵਾਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਤਜਰਬੇ ਤੋਂ ਬਿੰਨਾਂ ਊਰਜਾ ਨਾਮਾਤਰ ਹੀ ਹੁੰਦੀ ਹੈ।

ਸੇਵਾਮੁੱਕਤੀ ਸਿਰਫ਼ ਇਕ ਜਿੰਦਗੀ ਦਾ ਅੰਤ ਨਹੀ ਹੈ,ਸਗੋਂ ਸੂਰਜ ਚੜਣ ਦੀ ਇਕ ਸੁਰੂਆਤ ਹੈ।ਇਹ ਉਹ ਸਮ੍ਹਾਂ ਹੈ ਜਦੋਂ ਇਕ ਵਾਰ ਫਿਰ ਤੋਂ ਅਸੀ ਆਪਣੀਆਂ ਰੂਹਾਂ ਦੇ ਰੰਗਾਂ ਨੂੰ ਦੁਨੀਆਂ ਦੇ ਸਾਹਮਣੇ ਖਿਲਾਰ ਸਕਦੇ ਹਾਂ।ਜੋ ਕਦੇ ਆਪਣੀਆਂ ਜਿੰਮੇਵਾਰੀਆਂ ਦੇ ਥੱਲੇ ਦੱਬ ਕੇ ਰਹਿ ਗਿਆ ਸੀ।ਅਸੀ ਉਹ ਪ੍ਰਾਪਤ ਕਰ ਸਕਦੇ ਹਾਂ ਜੋ ਅਸੀ ਕਦੇ ਵੀ ਨਹੀ ਪ੍ਰਾਪਤ ਕਰ ਸਕੇ।ਸਾਨੂੰ ਕਲੰਡਰ ਦੀਆਂ ਤਰੀਕਾਂ ਦੇ ਹਿਸਾਬ ਨਾਲ ਨਹੀ ਬੁੱਢਾ ਹੋਣਾ ਚਾਹੀਦਾ,ਸਗੋਂ ਗਿਆਨ ਅਤੇ ਕਿਰਿਆ ਦੇ ਮਾਣ ਨਾਲ ਅੱਗੇ ਵੱਧਣਾ ਚਾਹੀਦਾ ਹੈ।ਸੇਵਾਮੁਕਤੀ ਸਿਰਫ਼ ਆਹੁਦੇ ਤੋਂ ਰਿਹਾਈ ਹੋਈ ਹੈ ਸਾਡੀਆਂ ਯੋਗਤਾਵਾਂ ਤੋਂ ਨਹੀ।



**ਅਮਰਜੀਤ ਚੰਦਰ**
**ਲੁਧਿਆਣਾ**

# (ਸੂਫੀ ਦਰਵੇਸ਼ ਸਾਈ ਮੀਆਂ ਮੀਰ)

ਸੂਫੀ ਸੰਤ ਹਜ਼ਰਤ ਸਾਈਂ ਮੀਆਂ ਮੀਰ ਦਾ ਅਸਲੀ ਨਾਮ ਸ਼ੇਖ ਮੁਹੰਮਦ ਪੀਰ ਸ਼ਾਹ ਸੀ। ਉਹ ਕਾਦਰੀ ਸੰਪਰਦਾਇ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦਾ ਜਨਮ 1550 ਈਸਵੀ ਵਿੱਚ ਸੀਸਤਾਨ(ਇਰਾਨ) ਵਿੱਚ ਹੋਇਆ। ਉਨਾਂ ਦੇ ਪਿਤਾ ਸੀਸਤਾਨ ਦੇ ਕਾਜ਼ੀ ਸਨ। ਸਾਈ ਮੀਆਂ ਮੀਰ, 7 ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਚਲਾਣਾ ਕਰ ਗਏ। ਪਾਲਣ ਪੋਸਣ ਮਾਤਾ ਫ਼ਾਤਿਮਾ ਨੇ ਕੀਤਾ। ਉਹ ਮੀਰ ਦਸਤਗੀਰ ਘਰਾਣੇ ਤੋਂ ਸਨ। ਧਾਰਮਿਕ ਬਿਰਤੀ ਦੇ ਹੋਣ ਕਾਰਨ ਮੀਆਂ ਮੀਰ ਨੂੰ ਰੂਹਾਨੀਅਤ ਦੀ ਰੰਗਤ ਦਿੱਤੀ।

ਮੀਰ ਜੀ 14 ਸਾਲ ਦੀ ਉਮਰ ਵਿੱਚ, ਸੰਸਾਰ ਦਾ ਮੋਹ ਤਿਆਗ ਕੇ, ਭਗਤੀ ਕਰਨ ਲਈ ਜੰਗਲਾਂ ਵਿੱਚ ਚਲੇ ਗਏ। ਉੱਥੇ ਉੱਘੇ ਸੂਫੀ ਫਕੀਰ "ਸ਼ੇਖ ਖਵਾਜਾ ਅਬਦਾਲ ਬਿਆਨ ਵਾਨੀ" ਨਾਲ ਮੁਲਾਕਾਤ ਹੋਈ। ਉਹਨਾਂ ਦੇ ਮੁਰੀਦ ਬਣ ਗਏ। ਉਨ੍ਹਾਂ ਆਪਣੇ ਮੁਰਸ਼ਦ ਤੋਂ, 25 ਸਾਲ ਦੀ ਉਮਰੇ, ਆਗਿਆ ਲੈ ਕੇ ਲਾਹੌਰ ਆ ਗਏ। ਅਧਿਆਤਮਕ ਸਿੱਖਿਆ ਪ੍ਰਾਪਤ ਕੀਤੀ। ਥੋੜੀ ਦੇਰ ਵਿੱਚ ਹੀ "ਆਲਮ" ਦੇ ਤੌਰ ਤੇ ਹਰਮਨ ਪਿਆਰੇ ਹੋ ਗਏ। ਉਨ੍ਹਾਂ ਦੇ 200 ਦੇ ਕਰੀਬ ਚੇਲੇ ਬਣ ਗਏ। ਗ੍ਰਹਿਸਥੀ ਵਿੱਚ ਨਹੀਂ ਪਏ। ਅਧਿਕ ਸਮਾਂ, ਰੱਬ ਦੀ ਇਬਾਦਤ, ਵਿੱਚ ਲਗਾਉਂਦੇ ਸਨ। ਮੁਗਲ ਬਾਦਸ਼ਾਹ ਜਹਾਂਗੀਰ, ਬੇਗਮ ਨੂਰ ਜਹਾਂ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਉਨ੍ਹਾਂ ਦੇ ਮੁਰੀਦ ਸਨ। ਉਹ ਸਿੱਖ ਗੁਰੂਆਂ, ਗੁਰਬਾਣੀ, ਸੂਫ਼ੀ ਫਕੀਰਾਂ ਤੇ ਭਗਤਾਂ ਦਾ, ਬਹੁਤ ਆਦਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨਾਲ ਪਹਿਲਾ ਮਿਲਾਪ, ਬਿਹਾਰੀ ਮਲ ਦੇ, ਬੇਟੇ ਦੇ ਵਿਆਹ ਵਿੱਚ, ਲਾਹੌਰ ਵਿੱਚ ਹੋਇਆ ਸੀ। ਜਦੋਂ ਗੁਰੂ ਅਰਜਨ ਦੇਵ ਜੀ, ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਸਾਈ ਮੀਆਂ ਮੀਰ ਜੀ ਨੇ, ਉਨ੍ਹਾਂ ਨੂੰ ਦਸਤਾਰ ਭੇਂਟ ਕੀਤੀ ਸੀ।

ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ 1588 ਵਿੱਚ, ਸਾਈ ਮੀਆਂ ਮੀਰ ਜੀ ਕੋਲੋਂ ਰਖਵਾਈ। ਗੁਰੂ ਜੀ ਦੀ ਸ਼ਹੀਦੀ ਸਮੇਂ ਵੀ, ਸਾਈਂ ਜੀ ਗੁਰੂ ਜੀ ਨੂੰ ਮਿਲਣ ਗਏ ਅਤੇ ਬਹੁਤ ਦੁਖੀ ਹਿਰਦੇ ਨਾਲ ਬਾਦਸ਼ਾਹ ਜਹਾਂਗੀਰ ਨੂੰ ਕਿਹਾ ਤੂੰ ਇਤਨਾਂ ਜੁਲਮ ਕਿਉਂ ਕਰ ਰਿਹਾ ਹੈ ? "ਮੁਸਲਮਾਨ ਤਾਂ ਮੁਰਦੇ ਨੂੰ ਫੂਕਦੇ ਵੀ ਨਹੀਂ, ਤੂੰ ਜਿਉਂਦੇ ਰੱਬ ਨੂੰ ਅੱਗ ਲਾਉਣ ਲੱਗਿਆ ਹੈਂ" !ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾਉਣ ਦੀ ਆਗਿਆ ਦੇਣ। ਗੁਰੂ ਸਾਹਿਬ ਨੇ ਉਸ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿਣ ਲਈ ਕਿਹਾ। "ਫੱਕਰਾ ਤੂੰ ਰਮਜ਼ ਪਛਾਣੀ ਨਹੀਂ, ਅਸੀਂ ਤੇਰੇ ਦਿਲ ਦੀ ਜਾਣ ਲਈ। ਅਸੀਂ ਰੱਖਣੀਆਂ ਸਨ ਦੋ ਨੀਹਾਂ। ਇੱਕ ਸ਼ਹੀਦੀ ਦੀ, ਇੱਕ ਹਰਿਮੰਦਰ ਦੀ, ਇਹ ਤੂੰ ਰੱਖੀਂ, ਉਹ ਮੈਂ ਰੱਖੂੰ । ਇਹ ਇੱਛਾ ਸੀ ਮੇਰੇ ਅੰਦਰ ਦੀ।



ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨਾਲ ਵੀ ਮਿੱਤਰਤਾਪੂਰਨ ਸੰਬੰਧ ਰਹੇ। ਗਵਾਲੀਅਰ ਦੇ ਕਿਲੇ ਵਿੱਚ ਜਹਾਂਗੀਰ ਨੇ ਹਰਗੋਬਿੰਦ ਸਾਹਿਬ ਨੂੰ ਕੈਦ ਕੀਤਾ ਤਾਂ ਸਾਈ ਮੀਆਂ ਮੀਰ ਜੀ ਨੇ, ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਪ੍ਰਤੀ ਗਲਤਫਹਿਮੀਆਂ ਦੂਰ ਕਰਵਾ ਕੇ ਗੁਰੂ ਜੀ ਦੀ ਰਿਹਾਈ ਸੰਭਵ ਕਰਵਾਈ। ਉਨ੍ਹਾਂ ਦੇ ਨਾਲ ਹੋਰ 52 ਰਾਜਪੂਤ ਰਾਜਿਆਂ ਨੇ ਵੀ ਗੁਰੂ ਸਾਹਿਬ ਦੇ ਕਲੀਆਂ ਵਾਲੇ ਚੋਲੇ ਦਾ, ਲੜ ਫੜਕੇ ਜੇਲ ਤੋਂ ਮੁਕਤੀ ਪਾਈ। ਸਾਈ ਮੀਆਂ ਮੀਰ ਨੇ, ਲਾਹੌਰ ਦੇ ਕਾਜ਼ੀ, ਰੁਸਤਮ ਖਾਂ ਦੀ ਬੇਟੀ, ਬੀਬੀ ਕੌਲਾਂ ਨੂੰ, ਗੁਰੂ ਹਰਗੋਬਿੰਦ ਸਾਹਿਬ ਪਾਸ ਅੰਮ੍ਰਿਤਸਰ ਭੇਜਿਆ। ਜਿੱਥੇ ਗੁਰੂ ਜੀ ਨੇ ਬੀਬੀ ਕੌਲਾਂ ਦੇ ਨਾਮ ਤੇ ਵੀ ਸਰੋਵਰ ਬਣਵਾਇਆ।

ਹਜ਼ਰਤ ਮੀਆਂ ਮੀਰ ਜੀ 11 ਅਗਸਤ 1635 ਨੂੰ ਲਾਹੌਰ ਵਿੱਚ 85 ਸਾਲ ਦੀ ਉਮਰ ਭੋਗ ਕੇ ਦੁਨੀਆਂ ਤੋਂ ਰੁਖਸਤ ਹੋ ਗਏ। ਲਾਹੌਰ ਵਿੱਚ ਡਿਫੈਂਸ ਰੋਡ, ਇਸਮਾਈਲ ਨਗਰ ਅਤੇ ਸਰਕਾਰੀ ਹਸਪਤਾਲ ਦੇ ਨੇੜੇ, ਇੱਕ ਪਿੰਡ ਵਿੱਚ ਉਨ੍ਹਾਂ ਦੀ ਯਾਦ ਵਿੱਚ ਮਕਬਰਾ ਸਥਿਤ ਹੈ। ਇਸ ਦਰਗਾਹ ਦੇ ਸੁੰਦਰੀਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਵਿਤੀ ਸਹਾਇਤਾ ਦੇ ਕੇ ਵਡਮੁੱਲਾ ਯੋਗਦਾਨ ਪਾਇਆ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਖੁਸ਼ੀ ਲੱਭਣਾ ਵੀ ਹੈ ਇੱਕ ਹੁਨਰ

ਹਰ ਇਨਸਾਨ ਦੀ ਜ਼ਿੰਦਗੀ ਵਿੱਚ ਕਦੇ ਗਮ ਤੇ ਕਦੇ ਖੁਸ਼ੀ ਗੇੜਾ ਜ਼ਰੂਰ ਮਾਰਦੇ ਹਨ । ਸੁੱਖ ,ਦੁੱਖ ਨਾਲ ਹੀ ਇਨਸਾਨ ਆਪਣੀ ਜਿੰਦਗੀ ਦਾ ਲੰਮਾ ਪੈਂਡਾ ਤੈਅ ਕਰਦਾ ਚਲਿਆ ਜਾਂਦਾ ਹੈ।ਕਦੇ ਵੀ ਮਾੜੇ ਸਮੇਂ ਵਿੱਚ ਦੁੱਖੀ ਨਹੀਂ ਹੋਣਾ ਚਾਹੀਦਾ। ਮੁਸੀਬਤ ਸਮੇਂ ਸਮੱਸਿਆ ਦਾ ਹੱਲ ਲੱਭੋ। ਸਾਨੂੰ ਜਿੰਦਗੀ ਹਮੇਸ਼ਾਂ ਹਰ ਪਲ ਹੱਸ ਕੇ ,ਖੁਸ਼ ਰਹਿ ਕੇ ਗੁਜ਼ਾਰਨੀ ਚਾਹੀਦੀ ਹੈ।ਜਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ । ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਕੱਟੋ। ਭਾਵ ਜੇ ਮਾੜਾ ਸਮਾਂ ਆ ਵੀ ਗਿਆ ਹੈ ਤਾਂ ਜਿਆਦਾ ਦੁੱਖ ਵਿੱਚ ਦੁੱਖੀ ਨਾ ਹੋਵੋ। ਸੁੱਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ ਤਾਂ ਚੰਗਾ ਵੀ ਆਵੇਗਾ। ਚੰਗੇ ਸਮੇ ਵਿੱਚ ਜਿਆਦਾ ਖੁਸ਼ੀ ਵੀ ਨਾ ਮਨਾਓ। ਅਸੀਂ ਸਾਰੇ ਹੀ ਸੰਸਾਰ ਵਿਚ ਵਿਚਰਦੇ ਹਾਂ । ਆਪਣੇ ਨਿੱਜੀ ਕੰਮ ਲਈ ਸਾਨੂੰ ਕਈ ਵਾਰ ਵੱਖ ਵੱਖ ਅਦਾਰਿਆਂ ਵਿੱਚ ਜਾਣਾ ਵੀ ਪੈਂਦਾ ਹੈ। ਦੇਖਦੇ ਹਾਂ ਕਿ ਕਈ ਇਨਸਾਨਾਂ ਦੇ ਚਿਹਰੇ ਤੇ ਸਦਾ ਹੀ ਮੁਸਕਰਾਹਟ ਰਹਿੰਦੀ ਹੈ। ਜਿੰਨਾ ਮਰਜ਼ੀ ਕੰਮ ਦਾ ਲੋੜ ਹੋਵੇ ,ਅਜਿਹੇ ਇਨਸਾਨਾਂ ਦੇ ਚਿਹਰੇ ਤੋਂ ਕਦੇ ਵੀ ਮੁਸਕਰਾਹਟ ਨਹੀਂ ਜਾਂਦੀ। ਅਜਿਹੇ ਇਨਸਾਨ ਸਾਡੇ ਲਈ ਬਹੁਤ ਦੀ ਪ੍ਰੇਰਨਾਦਾਇਕ ਹੁੰਦੇ ਹਨ। ਮੁਸ਼ਕਿਲਾਂ ਤਾਂ ਅੱਜ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਹਨ। ਜ਼ਿੰਦਗੀ ਵਿੱਚ ਉਤਾਰ ਚੜ੍ਹਾਅ ਆਉਂਦੇ ਹਨ। ਸਗੋਂ ਮਾੜੇ ਸਮੇਂ ਵਿੱਚ ਆਪਣਿਆਂ ਦੀ ਪਰਖ਼ ਵੀ ਹੋ ਜਾਂਦੀ ਹੈ। ਮਾੜੇ ਸਮੇਂ ਵਿੱਚ ਪਤਾ ਲੱਗ ਜਾਂਦਾ ਹੈ ਕਿ ਕੌਣ ਸਾਡੇ ਨੇੜੇ ਲੱਗਿਆਂ ,ਕਿਸਨੇ ਸਾਡਾ ਦੁੱਖ ਵੰਡਾਇਆ। ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ।ਅਕਸਰ ਕਈ ਵਾਰ ਅਸੀਂ ਜ਼ਿੰਦਗੀ ਤੋਂ ਇੰਨੇ ਤੰਗ ਆ ਜਾਂਦੇ ਹਾਂ ਕਿ ਜਿਉਣ ਨੂੰ ਬਿਲਕੁਲ ਵੀ ਦਿਲ ਨਹੀਂ ਕਰਦਾ। ਇਸ ਨਾਲ ਸਾਡੀ ਸਿਹਤ ਵੀ ਖ਼ਰਾਬ ਹੋ ਜਾਂਦੀ ਹੈ।ਘਰ ਦਾ ਮਾਹੌਲ ਵੀ ਖ਼ਰਾਬ ਹੁੰਦਾ ਹੈ। ਕਦੇ ਵੀ ਜ਼ਿੰਦਗੀ ਤੋਂ ਨਾ ਹਾਰੋ।

ਕਦੇ ਵੀ ਆਪਣੀ ਕਿਸਮਤ ਨੂੰ ਨਾ ਦੋਸ਼ੀ ਠਹਿਰਾਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰਕੇ ਆਪਣੇ ਘਰ ਵਿੱਚ ਬਹੁਤ ਜਿਆਦਾ ਨਕਰਾਤਮਕ ਭਾਵ ਪੈਦਾ ਕਰ ਲੈਂਦੇ ਹਾਂ। ਅਕਸਰ ਪਰਿਵਾਰਾਂ ਵਿੱਚ ਕਈ ਵਾਰ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ ,ਜੋ ਅਜਿਹੇ ਤਕਰਾਰਾਂ ਨੂੰ ਕੁਝ ਸਮਝਦੇ ਹੀ ਨਹੀਂ ,ਭਾਵ ਜਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ -ਛੋਟੇ ਤਕਰਾਰ, ਛੋਟੀਆਂ ਛੋਟੀਆਂ ਗੱਲਾਂ ਨੂੰ ਹੀ ਦਿਲ ਤੇ ਲਾ ਕੇ ਬੈਠ ਜਾਂਦੇ ਹਨ । ਆਪ ਵੀ ਪ੍ਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ ਦੀ ਬਿਮਾਰੀ ਵਿੱਚ ਚਲੇ ਜਾਂਦੇ ਹਨ। ਗੱਲ ਕੁਝ ਵੀ ਨਹੀਂ ਹੁੰਦੀ ,ਪਰ ਗੱਲ ਨੂੰ ਦਿਲ ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ।

ਅਸੀਂ ਕਹਿ ਦਿੰਦੇ ਹਨ ਕਿ ਉਸਦੀ ਕਿਸਮਤ ਬਹੁਤ ਚੰਗੀ ਹੈ। ਜਾਂ ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰਕੇ ਬਹੁਤ ਕੁਝ ਕਮਾ ਲੈਂਦਾ ਹੈ।ਉਸਨੂੰ ਬਹੁਤ ਘੱਟ ਮਿਹਨਤ ਕਰਨੀ ਪਈ । ਉਸ ਨੂੰ ਆਪਣੀ ਕਿਸਮਤ ਤੋਂ ਜ਼ਿਆਦਾ ਮਿਲ ਗਿਆ।ਉਸਨੂੰ ਉਸਦੇ ਮਾਤਾ-ਪਿਤਾ ਨੇ ਬਹੁਤ ਕੁੱਝ ਦਿੱਤਾ ਹੈ। ਜਿੰਨਾ ਕੁ ਉਹ ਇਨਸਾਨ ਉਸ ਦੇ ਲਾਇਕ ਵੀ ਨਹੀਂ ਸੀ, ਫਿਰ ਵੀ ਪਤਾ ਨਹੀਂ ਉਸ ਨੂੰ ਕਿਹੜਾ ਖਜ਼ਾਨਾ ਮਿਲ ਚੁੱਕਿਆ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਅੰਦਰ ਉਸ ਇਨਸਾਨ ਪ੍ਰਤੀ ਜਲਣ ਦੇ ਵਿਚਾਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।ਅਜਿਹਾ ਕੋਈ ਇਨਸਾਨ ਨਹੀਂ ਹੈ ਕਿ ਜਿਸ ਦੀ ਜ਼ਿੰਦਗੀ ਵਿਚ ਕਦੇ ਵੀ ਉਤਾਰ ਚੜ੍ਹਾਅ ਨਾ ਆਏ ਹੋਣ। ਜ਼ਿੰਦਗੀ ਵਿਚ ਉਤਾਰ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਅਸੀਂ ਸਾਰੇ ਹੀ ਦੇਖਦੇ ਹਨ ਕਿ ਜੇ ਗਰਮੀ ਹੈ, ਤਾਂ ਸਰਦੀ ਦਾ ਮੌਸਮ ਵੀ ਆਉਂਦਾ ਹੈ। ਜੇ ਬਰਸਾਤ ਹੁੰਦੀ ਹੈ, ਤਾਂ ਉਸ ਤੋਂ ਬਾਅਦ ਮੌਸਮ ਸਾਫ਼ ਵੀ ਹੋ ਜਾਂਦਾ ਹੈ । ਜੇ ਦਿਨ ਚੜ੍ਹਦਾ ਹੈ ਤਾਂ ਰਾਤ ਵੀ ਆਉਂਦੀ ਹੈ। ਕਹਿਣ ਦਾ ਭਾਵ ਹੈ ਕਿ ਹਮੇਸ਼ਾ ਇਕ ਹੀ ਤਰ੍ਹਾਂ ਦੀ ਜਿੰਦਗੀ ਨਹੀਂ ਰਹਿੰਦੀ। ਹਮੇਸ਼ਾ ਇੱਕ ਹੀ ਤਰਾਂ ਦਾ ਸਮਾਂ ਨਹੀਂ ਰਹਿੰਦਾ। ਸਮਾਂ ਸਾਰਿਆਂ ਦਾ ਹੀ ਬਦਲਦਾ ਹੈ । ਚਾਹੇ ਅੱਜ ਬਦਲੇ ਜਾਂ ਕੁਝ ਦਿਨਾਂ ਬਾਅਦ ਬਦਲੇ। ਹਮੇਸ਼ਾ ਪੰਜੇ ਉਂਗਲਾਂ ਇੱਕ ਸਮਾਨ ਨਹੀਂ ਰਹਿੰਦੀਆਂ। ਕੁਦਰਤ ਹਰ ਇਕ ਇਨਸਾਨ ਨੂੰ ਮੌਕਾ ਦਿੰਦੀ ਹੈ।ਭਾਵ ਜੇ ਕਦੇ ਮਾੜਾ ਸਮਾਂ ਆ ਵੀ ਗਿਆ ਤਾਂ ਕਦੇ ਵੀ ਇੰਝ ਨਾ ਸੋਚੋ ਕਿ ਮੇਰੀ ਕਿਸਮਤ ਜਾਂ ਜ਼ਿੰਦਗੀ ਵਿਚ ਹਨੇਰਾ ਹੀ ਆ ਗਿਆ ਹੈ।

ਦਾਤੇ ਨੇ ਸਾਰੇ ਇਨਸਾਨਾਂ ਲਈ ਬਹੁਤ ਕੁਝ ਬਣਾਇਆ ਹੋਇਆ ਹੈ। ਜਿਸ ਨੇ ਸਾਨੂੰ ਧਰਤੀ ਤੇ ਭੇਜਿਆ ਹੈ, ਉਸ ਨੇ ਸਾਡਾ ਕੋਈ ਹੀਲਾ-ਵਸੀਲਾ ਵੀ ਕਰ ਦੇਣਾ ਹੈ। ਪਰ ਸਾਨੂੰ ਕਰਮ ਕਰਨਾ ਪਵੇਗਾ। ਦਿਲ ਲਗਾ ਕੇ ਮਿਹਨਤ ਕਰਨੀ ਪਵੇਗੀ। ਤਾਂ ਹੀ ਅਸੀਂ ਮੰਜ਼ਿਲ ਵੱਲ ਆਪਣੇ ਕਦਮ ਵਧਾਵਾ ਗੇ। ਇਹ ਨਹੀਂ ਹੈ ਕਿ ਸਾਨੂੰ ਪੱਕੀ ਪਕਾਈ ਖਿਚੜੀ ਜਾਂ ਕੋਈ ਥਾਲੀ ਪਰੋਸ ਕੇ ਸਾਡੇ ਸਾਹਮਣੇ ਰੱਖ ਦੇਵੇਗਾ। ਦੇਖੋ ਮਿਹਨਤ ਤਾਂ ਕਰਨੀ ਹੀ ਪਵੇਗੀ। ਬਿਨਾਂ ਕਰਮ ਕੀਤੇ ਕੁੱਝ ਵੀ ਨਹੀਂ ਮਿਲਦਾ। ਕਦੇ ਵੀ ਨਿਰਾਸ਼ ਨਾ ਹੋਵੋ। ਆਪਣਾ ਦਿਲ ਕਦੇ ਵੀ ਛੋਟਾ ਨਾ ਕਰੋ । ਤੁਸੀਂ ਇਹ ਸੋਚੋ ਕਿ ਪਰਮਾਤਮਾ ਨੇ ਸਾਡੇ ਲਈ ਬਹੁਤ ਵਧੀਆ ਰੱਖਿਆ ਹੋਇਆ ਹੈ। ਹਰ ਇਕ ਦਿਨ ਸਾਡੇ ਲਈ ਕੁਝ ਨਾ ਕੁੱਝ ਲੈ ਕੇ ਆਉਂਦਾ ਹੈ। ਹਮੇਸ਼ਾ ਜ਼ਿੰਦਗੀ ਵਿੱਚ ਖੁਸ਼ ਰਹਿਣਾ ਸਿੱਖੀਏ। ਜਿੰਨਾ ਵੀ ਸਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੀਏ। ਨਿਮਰਤਾ, ਪਿਆਰ, ਸਤਿਕਾਰ ਸਹਿਣਸ਼ੀਲ ਹੋਣਾ ਜ਼ਿੰਦਗੀ ਵਿੱਚ ਬਹੁਤ ਜ਼ਰੂਰੀ ਹੈ। ਕਦੇ ਵੀ ਗੁੱਸਾ ਨਾ ਹੋਵੋ। ਚਲੋ ਜੇ ਕਈ ਵਾਰ ਗੁੱਸਾ ਆ ਵੀ ਜਾਂਦਾ ਹੈ ਤਾਂ ਘਰ ਵਿੱਚ ਕਲੇਸ਼ ਖੜਾ ਨਾ ਕਰੋ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ। ਜੇ ਕਦੇ ਘਰਦਿਆਂ ਨਾਲ ਮਨ ਮੁਟਾਵ ਹੋ ਵੀ ਜਾਂਦਾ ਹੈ ਕਿਥੇ ਪਾਰਕ ਵਿਚ ਚਲੇ ਜਾਓ, ਕਿਸੇ ਮਾਲ ਵਿਚ ਜਾਓ, ਸੈਰ ਤੇ ਨਿਕਲ ਜਾਓ । ਕਹਿਣ ਦਾ ਮਤਲਬ ਕਿ ਇਹ ਜ਼ਿੰਦਗੀ ਸਾਨੂੰ ਦੁਬਾਰਾ ਨਹੀਂ ਮਿਲਣੀ। ਸਾਨੂੰ ਹੱਸ ਖੇਡ ਕੇ ਹੀ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। ਮੁਸ਼ਕਿਲਾਂ ਦਾ ਸਾਹਮਣਾ ਸਾਨੂੰ ਡੱਟ ਕੇ ਕਰਨਾ ਚਾਹੀਦਾ ਹੈ। ਇਹ ਨਾ ਸੋਚੋ ਕਿ ਮੈਂ ਇਹ ਮੰਜ਼ਿਲ ਸਰ ਨਹੀਂ ਕਰ ਸਕਦਾ ਜਾਂ ਇਹ ਮੇਰਾ ਕੰਮ ਰੁੱਕ ਗਿਆ ਹੈ। ਪਰਿਵਾਰਿਕ ਮੈਂਬਰਾਂ ਨਾਲ ਹਮੇਸ਼ਾ ਤਾਲਮੇਲ ਬਣਾ ਕੇ ਰੱਖੋ ।ਪਿਆਰ ਨਾਲ ਬੋਲੋ। ਘਰ ਵਿੱਚ ਮਾਹੌਲ ਵਧੀਆ ਹੋਵੇਗਾ। ਜੇ ਕੋਈ ਮੁਸੀਬਤ ਵੀ ਪੈਦਾ ਹੋ ਜਾਂਦੀ ਹੈ ਤਾਂ ਸਾਰੇ ਘਰ ਦੇ ਮੈਂਬਰਾਂ ਨੂੰ ਆਪਸੀ ਤਾਲਮੇਲ ਬਣਾ ਕੇ ਉਸ ਮੁਸੀਬਤ ਤੋਂ ਨਿਕਲਿਆ ਜਾ ਸਕਦਾ ਹੈ। ਕੋਈ ਨਾ ਕੋਈ ਹੱਲ ਤਾਂ ਜ਼ਰੂਰ ਨਿਕਲਦਾ ਹੈ। ਇੱਕ ਗੱਲ ਹੋਰ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਗੱਲ ਉਸੇ ਕੋਲ ਕਰਨੀ ਚਾਹੀਦੀ ਹੈ ਜੋ ਤੁਹਾਨੂੰ ਇਸ ਦਾ ਸਹੀ ਰਾਹ ਦਿਖਾਵੇ। ਨਹੀਂ ਤਾਂ ਲੋਕ ਦੂਜੇ ਦੀਆਂ ਗੱਲਾਂ ਨੂੰ ਬਹੁਤ ਉਡਾਉਂਦੇ ਹਨ। ਸੋ ਹਮੇਸ਼ਾ ਹਰ ਮੁਸੀਬਤ ਦਾ ਹੱਲ ਹੈ। ਕਿਹੋ ਜਾ ਵੀ ਮਾੜਾ ਸਮਾਂ ਆ ਜਾਵੇ, ਜਿੰਦਗੀ ਤੋਂ ਕਦੇ ਨਾ ਹਾਰੋ। ਹਰ ਪਲ ਖੁਸ਼ ਰਹੋ ।



**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

# ਅਧਿਆਪਕ ਜਾਂ ਹਮਉਮਰ ਮਿੱਤਰ?

